SWITCH INSURANCE
AUTO, HOME & COMMERCIAL
- Commercial Vehicle Insurance
- Commercial Property Insurance
- Commercial General Liability (CGL)
- Rental Property
905-965-7474
www.SwitchInsurance.ca
7900 Hurontario St Suite 308, Brampton, ON L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 22* Issue 181 | Wednesday, September 27, 2023 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

## ਹਾਊਸ ਸਪੀਕਰ ਐਂਥਨੀ ਰੋਟਾ ਨੇ ਦਿੱਤਾ ਅਸਤੀਫਾ

ਓਟਵਾ, 26 ਸਤੰਬਰ (ਪੋਸਟ ਬਿਊਰੋ) : ਪਿਛਲੇ ਹਫਤੇ ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੈਲੈਂਸਕੀ ਵੱਲੋਂ ਕੈਨੇਡਾ ਦੀ ਪਾਰਲੀਆਮੈਂਟ ਵਿੱਚ ਦਿੱਤੇ ਜਾਣ ਵਾਲੇ ਭਾਸ਼ਣ ਦੌਰਾਨ ਨਾਜ਼ੀਆਂ ਲਈ ਲੜਨ ਵਾਲੇ ਸ਼ਖ਼ਸ ਨੂੰ ਸੱਦਾ ਦੇਣ ਵਾਲੇ ਹਾਊਸ ਆਫ ਕਾਮਨਜ਼ ਦੇ ਸਪੀਕਰ ਐਂਥਨੀ ਰੋਟਾ ਵੱਲੋਂ ਅਸਤੀਫਾ ਦੇ ਦਿੱਤਾ ਗਿਆ ਹੈ।

ਸਾਰੀਆਂ ਸਿਆਸੀ ਧਿਰਾਂ ਵੱਲੋਂ ਰੋਟਾ ਉੱਤੇ ਅਸਤੀਫਾ ਦੇਣ ਲਈ ਦਬਾਅ ਪਾਇਆ ਜਾ ਰਿਹਾ ਸੀ। ਸਰਕਾਰ ਦੀ ਹਾਊਸ ਲੀਡਰ ਕਰੀਨਾ ਗੋਲਡ ਨੇ ਮੰਗਲਵਾਰ ਸਵੇਰੇ ਆਖਿਆ ਕਿ ਉਸ ਦਾ ਮੰਨਣਾ ਹੈ ਕਿ ਪਾਰਲੀਆਮੈਂਟ ਮੈਂਬਰਜ਼ ਦਾ ਰੋਟਾ ਤੋਂ ਯਕੀਨ ਉੱਠ ਗਿਆ। ਗੋਲਡ ਨੇ ਆਖਿਆ ਕਿ ਉਨ੍ਹਾਂ ਨੂੰ ਇਹ ਸਮਝ ਨਹੀਂ ਆ ਰਹੀ ਕਿ ਰੋਟਾ ਲਿਬਰਲ ਐਮਪੀਜ਼ ਦਾ ਵਿਸ਼ਵਾਸ ਕਿਵੇਂ ਹਾਸਲ ਕਰਨਗੇ ਤੇ ਸਪੀਕਰ ਲਈ ਸਨਮਾਨਜਨਕ ਢੰਗ ਨਾਲ ਅਸਤੀਫਾ ਦੇਣਾ ਹੀ ਸਹੀ ਫੈਸਲਾ ਹੈ।



ਕੰਜ਼ਰਵੇਟਿਵ ਆਗੂ ਪਿਏਰ ਪੌਲੀਏਵਰ ਨੇ ਵੀ ਰੋਟਾ ਨੂੰ ਅਸਤੀਫਾ ਦੇਣ ਲਈ ਆਖਿਆ ਸੀ ਤੇ ਸੋਮਵਾਰ ਨੂੰ ਇਸੇ ਤਰ੍ਹਾਂ ਦੀ ਮੰਗ ਐਨਡੀਪੀ ਤੇ ਬਲਾਕ ਕਿਊਬਿਕੁਆ ਵੱਲੋਂ ਵੀ ਉੱਠੀ ਸੀ। ਜ਼ਿਕਰਯੋਗ ਹੈ ਕਿ ਰੋਟਾ ਨੇ ਨਾ ਸਿਰਫ ਫਰਸਟ ਯੂਕਰੇਨੀਅਨ ਡਵੀਜ਼ਨ ਦੇ ਮੈਂਬਰ ਯਾਰੋਸਲੈਵ ਹੁਨਕਾ ਨੂੰ ਪਾਰਲੀਆਮੈਂਟ ਆਉਣ ਦਾ ਸੱਦਾ ਦਿੱਤਾ ਸਗੋਂ ਉਸ ਦਾ ਸਨਮਾਨ ਵੀ ਕੀਤਾ। ਇਹ ਡਵੀਜ਼ਨ ਨਾਜ਼ੀਆਂ ਦੀ ਕਮਾਂਡ ਹੇਠ ਸੀ।

## ਜਮਾਇਕਾ ਨੂੰ ਹਰਾ ਕੇ ਕੈਨੇਡੀਅਨ ਵੁਮਨਜ਼ ਸੌਕਰ ਟੀਮ ਨੇ ਓਲੰਪਿਕਸ ਵਿੱਚ ਆਪਣੇ ਲਈ ਥਾਂ ਪੱਕੀ ਕੀਤੀ

ਓਨਟਾਰੀਓ, 26 ਸਤੰਬਰ (ਪੋਸਟ ਬਿਊਰੋ) : ਕੈਨੇਡਾ ਨੇ 2024 ਵਿੱਚ ਪੈਰਿਸ ਵਿਖੇ ਹੋਣ ਵਾਲੀਆ ਓਲੰਪਿਕ ਖੇਡਾਂ ਲਈ ਆਪਣੀ ਸੀਟ ਪੱਕੀ ਕਰ ਲਈ ਹੈ।

10ਵਾਂ ਦਰਜਾ ਹਾਸਲ ਕੈਨੇਡੀਅਨ ਵੁਮਨਜ਼ ਸੌਕਰ ਟੀਮ ਨੇ 37ਵੇਂ ਨੰਬਰ ਉੱਤੇ ਮੌਜੂਦ ਜਮਾਇਕਾ ਦੀ ਟੀਮ ਨੂੰ 1 ਦੇ ਮੁਕਾਬਲੇ 2 ਗੋਲ ਨਾਲ ਹਰਾ ਕੇ ਇਹ ਮੁਕਾਮ ਹਾਸਲ ਕੀਤਾ। ਕੈਨੇਡਾ ਨੇ ਮੰਗਲਵਾਰ ਨੂੰ ਬੀਐਮਓ ਫੀਲਡ ਉੱਤੇ ਜਮਾਇਕਾ ਨਾਲ ਹੋਏ ਮੈਚ ਨੂੰ ਅਸਾਨੀ ਨਾਲ ਜਿੱਤ ਲਿਆ। ਇਸ ਤੋਂ ਪਹਿਲਾਂ ਸ਼ੁੱਕਰਵਾਰ ਨੂੰ ਕਿੰਗਸਟਨ ਸਥਿਤ ਨੈਸ਼ਨਲ ਸਟੇਡੀਅਮ ਵਿੱਚ ਵੀ ਕੈਨੇਡਾ ਦੀ ਟੀਮ ਨੇ ਜਮਾਇਕਾ ਨੂੰ 2-0 ਨਾਲ ਹਰਾਇਆ ਸੀ।



ਓਨਟਾਰੀਓ ਵਿੱਚ 29,212 ਦਰਸ਼ਕਾਂ ਦੀ ਭੀੜ ਸਾਹਮਣੇ ਕਲੋਅ ਲੈਕਾਸੇ ਤੇ ਜੌਰਡਿਨ ਹਿਊਟੇਮਾ ਨੇ ਕੈਨੇਡਾ ਲਈ ਦੋ ਗੋਲ ਕਰਕੇ ਜਿੱਤ ਦਾ ਰਾਹ ਪੱਕਾ ਕੀਤਾ। ਜਮਾਇਕਾ ਵੱਲੋਂ ਇੱਕਲਾ ਗੋਲ ਡ੍ਰਿਊ ਸਪੈਂਸ ਨੇ ਕੀਤਾ। 2022 ਵਿੱਚ ਕੌਨਕਾਕਾਫ ਡਬਲਿਊ ਚੈਂਪੀਅਨਸ਼ਿਪ ਦੇ ਫਾਈਨਲ ਵਿੱਚ ਕੈਨੇਡਾ ਨੂੰ 1-0 ਨਾਲ ਹਰਾ ਕੇ ਅਮਰੀਕਾ ਸਿੱਧੇ ਹੀ ਓਲੰਪਿਕ ਗੇਮਜ਼ ਲਈ ਕੁਆਲੀਫਾਈ ਕਰ ਚੁੱਕਿਆ ਹੈ।

## ਆਪਣਾ ਰੀਅਲ ਅਸਟੇਟ ਐਂਪਾਇਰ ਖੜ੍ਹਾ ਕਰਨ ਸਮੇਂ ਟਰੰਪ ਨੇ ਬੈਂਕਾਂ ਤੇ ਇੰਸ਼ੋਰਰਜ਼ ਨੂੰ ਦਿੱਤਾ ਧੋਖਾ

ਨਿਊ ਯੌਰਕ, 26 ਸਤੰਬਰ (ਪੋਸਟ ਬਿਊਰੋ) : ਮੰਗਲਵਾਰ ਨੂੰ ਇੱਕ ਜੱਜ ਵੱਲੋਂ ਇਹ ਫੈਸਲਾ ਸੁਣਾਇਆ ਗਿਆ ਹੈ ਕਿ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੌਨਲਡ ਟਰੰਪ ਨੇ ਕਈ ਸਾਲਾਂ ਤੱਕ ਫਰਾਡ ਕਰਕੇ ਆਪਣਾ ਰੀਅਲ ਅਸਟੇਟ ਦਾ ਐਂਪਾਇਰ ਖੜ੍ਹਾ ਕੀਤਾ ਤੇ ਜਿਸ ਕਾਰਨ ਉਹ ਮਸ਼ਹੂਰ ਹੋਏ ਤੇ ਉਨ੍ਹਾਂ ਦੀ ਐਂਟਰੀ ਵਾਈਟ



ਹਾਊਸ ਵਿੱਚ ਹੋ ਸਕੀ। ਜੱਜ ਨੇ ਇਹ ਵੀ ਹੁਕਮ ਦਿੱਤਾ ਕਿ ਸਾਬਕਾ ਰਾਸ਼ਟਰਪਤੀ ਦੀਆਂ ਕੁੱਝ ਕੰਪਨੀਆਂ ਨੂੰ ਉਨ੍ਹਾਂ ਦੇ ਕੰਟਰੋਲ ਤੋਂ ਲੈ ਲਿਆ ਜਾਵੇ ਤੇ ਭੰਗ ਕਰ ਦਿੱਤਾ ਜਾਵੇ।

ਨਿਊ ਯੌਰਕ ਦੇ ਅਟਾਰਨੀ ਜਨਰਲ ਵੱਲੋਂ ਲਿਆਂਦੇ ਗਏ ਸਿਵਲ ਲਾਅਸੂਟ ਵਿੱਚ ਫੈਸਲਾ ਸੁਣਾਉਂਦਿਆਂ ਜੱਜ ਆਰਥਰ ਐਂਗਰੋਨ ਨੇ ਪਾਇਆ ਕਿ ਟਰੰਪ ਤੇ ਉਸ ਦੀ ਕੰਪਨੀ ਨੇ ਉਨ੍ਹਾਂ ਦੀ ਸੰਪਤੀ ਦਾ ਵੱਧ ਮੁੱਲ ਲਾ ਲਾ ਕੇ ਬੈਂਕਾਂ, ਇਸ਼ੋਰਰਜ਼ ਤੇ ਹੋਰਨਾਂ ਨੂੰ ਧੋਖਾ ਦਿੱਤਾ। ਇਸ ਦੇ ਨਾਲ ਹੀ ਟਰੰਪ ਤੇ ਕੰਪਨੀ ਨੇ ਉਨ੍ਹਾਂ ਦੀ ਸੰਪਤੀ ਦੀ ਕੁੱਲ ਕੀਮਤ ਨੂੰ ਕਾਗਜ਼ਾਂ ਵਿੱਚ ਵਧਾ ਚੜ੍ਹਾ ਕੇ ਪੇਸ਼ ਕੀਤਾ ਤੇ ਇਸ ਦੇ ਸਹਾਰੇ ਕਈ ਡੀਲਜ਼ ਕੀਤੀਆਂ ਤੇ ਕਰਜ਼ੇ ਲਏ।

ਐਂਗਰੋਨ ਨੇ ਹੁਕਮ ਦਿੱਤਾ ਕਿ ਟਰੰਪ ਦੇ ਕੁੱਝ ਬਿਜ਼ਨਸ ਲਾਇਸੰਸ ਸਜ਼ਾ ਵਜੋਂ ਰੱਦ ਕੀਤੇ ਜਾਣਗੇ, ਜਿਸ ਨਾਲ ਉਸ ਲਈ ਨਿਊ ਯੌਰਕ ਵਿੱਚ ਬਿਜ਼ਨਸ ਕਰਨਾ ਮੁਸ਼ਕਲ ਹੀ ਨਹੀਂ ਨਾਮੁਮਕਿਨ ਹੋ ਜਾਵੇਗਾ। ਉਨ੍ਹਾਂ ਇਹ ਵੀ ਆਖਿਆ ਕਿ ਉਹ ਟਰੰਪ ਦੀ ਆਰਗੇਨਾਈਜ਼ੇਸ਼ਨ ਦੇ ਕੰਮਕਾਜ ਉੱਤੇ ਨਿਗਰਾਨੀ ਕਰਨ ਲਈ ਆਜ਼ਾਦ ਨਿਗਰਾਨ ਦੀ ਜ਼ਿੰਮੇਵਾਰੀ ਵੀ ਲਾਉਣਗੇ। ਜੇ ਇਸ ਮਾਮਲੇ ਵਿੱਚ ਸਫਲਤਾਪੂਰਬਕ ਅਪੀਲ ਨਾ ਕੀਤੀ ਗਈ ਤਾਂ ਟਰੰਪ ਅਮਰੀਕਾ ਵਿੱਚ ਆਪਣੀਆਂ ਕੁੱਝ ਅਹਿਮ ਪ੍ਰੌਪਰਟੀਜ਼ ਦੇ ਸਬੰਧ ਵਿੱਚ ਰਣਨੀਤਕ ਤੇ ਵਿੱਤੀ ਫੈਸਲੇ ਲੈਣ ਤੋਂ ਵੀ ਵਾਂਝੇ ਹੋ ਜਾਣਗੇ।

ਟਰੰਪ ਨੇ ਇਸ ਫੈਸਲੇ ਨੂੰ ਗਲਤ ਦੱਸਦਿਆਂ ਆਖਿਆ ਕਿ ਇਹ ਸੱਭ ਉਨ੍ਹਾਂ ਦੇ ਮੁੜ ਵਾਈਟ ਹਾਊਸ ਜਾਣ ਲਈ ਚਲਾਈ ਜਾ ਰਹੀ ਕੈਂਪੇਨ ਨੂੰ ਨੁਕਸਾਨ ਪਹੁੰਚਾਉਣ ਲਈ ਕੀਤਾ ਜਾ ਰਿਹਾ ਹੈ।

## ਜੀਐਸਟੀ ਛੋਟ ਦੇ ਭਰੋਸੇ ਮਗਰੋਂ 5000 ਰੈਂਟਲ ਯੂਨਿਟਸ ਬਣਾਉਣ ਲਈ ਡਿਵੈਲਪਰ ਤਿਆਰ

ਓਟਵਾ, 26 ਸਤੰਬਰ (ਪੋਸਟ ਬਿਊਰੋ) : ਟੋਰਾਂਟੋ ਸਥਿਤ ਰੀਅਲ ਅਸਟੇਟ ਕੰਪਨੀ ਦਾ ਕਹਿਣਾ ਹੈ ਕਿ ਉਹ ਦੇਸ਼ ਭਰ ਵਿੱਚ ਅਰਬਨ ਸੈਂਟਰਜ਼ ਵਿੱਚ 5000 ਨਵੀਆਂ ਯੂਨਿਟਸ ਦਾ ਨਿਰਮਾਣ ਕਰਨ ਦੀ ਯੋਜਨਾ ਬਣਾ ਰਹੀ ਹੈ। ਉਨ੍ਹਾਂ ਆਖਿਆ ਕਿ ਫੈਡਰਲ ਸਰਕਾਰ ਵੱਲੋਂ ਰੈਂਟਲ ਡਿਵੈਲਪਮੈਂਟਸ ਉੱਤੇ ਜੀਐਸਟੀ ਚਾਰਜਿਜ਼ ਖ਼ਤਮ ਕਰਨ ਦੇ ਫੈਸਲੇ ਤੋਂ ਬਾਅਦ ਹੀ ਉਨ੍ਹਾਂ ਵੱਲੋਂ ਇਹ ਫੈਸਲਾ ਕੀਤਾ ਗਿਆ।

ਡਰੀਮ ਅਨਲਿਮਟਿਡ ਕਾਰਪੋਰੇਸ਼ਨ ਦੇ ਸੀਈਓ ਮਾਈਕਲ ਕੂਪਰ ਨੇ ਆਖਿਆ ਕਿ ਉੱਚੀਆਂ ਵਿਆਜ਼ ਦਰਾਂ ਤੇ ਕੰਸਟ੍ਰਕਸ਼ਨ ਦੀਆਂ ਵੱਧ ਕੀਮਤਾਂ ਕਾਰਨ ਕਈ ਪ੍ਰੋਜੈਕਟਸ ਵਿੱਚ ਖੜੋਤ ਆਈ ਪਈ ਸੀ। ਪਰ ਰੈਂਟਲ ਡਿਵੈਲਪਮੈਂਟਸ ਤੋਂ ਜੀਐਸਟੀ ਚਾਰਜਿਜ਼ ਹਟਾਉਣ ਦੇ ਫੈਡਰਲ ਸਰਕਾਰ ਦੇ ਐਲਾਨ ਤੋਂ ਬਾਅਦ ਹੀ ਉਨ੍ਹਾਂ ਵੱਲੋਂ ਇਨ੍ਹਾਂ ਯੂਨਿਟਸ ਦੀ ਉਸਾਰੀ ਦਾ ਪ੍ਰੋਗਰਾਮ ਬਣਾਇਆ ਜਾ



ਰਿਹਾ ਹੈ।

ਜ਼ਿਕਰਯੋਗ ਹੈ ਕਿ ਵਿੱਤ ਮੰਤਰੀ ਕ੍ਰਿਸਟੀਆ ਫਰੀਲੈਂਡ ਵੱਲੋਂ ਪਿਛਲੇ ਹਫਤੇ ਬਿੱਲ ਪੇਸ਼ ਕੀਤਾ ਗਿਆ ਸੀ ਜਿਸ ਵਿੱਚ ਨਵੀਆਂ ਰੈਂਟਲ ਡਿਵੈਲਪਮੈਂਟਸ ਲਈ ਜੀਐਸਟੀ ਵਿੱਚ 100 ਫੀ ਸਦੀ ਛੋਟ ਮੁਹੱਈਆ ਕਰਵਾਉਣ ਦੀ ਗੱਲ ਕੀਤੀ ਗਈ ਸੀ। ਇਸ ਦੀ ਮੰਗ ਹਾਊਸਿੰਗ ਮਾਹਿਰਾਂ ਤੇ ਡਿਵੈਲਪਰਜ਼ ਵੱਲੋਂ ਕੀਤੀ ਗਈ ਸੀ।

ਕੂਪਰ ਦਾ ਕਹਿਣਾ ਹੈ ਕਿ ਪੂਰੀ ਛੋਟ ਤਾਂ ਗੇਮ ਚੇਂਜਰ ਦਾ ਕੰਮ ਕਰੇਗੀ ਕਿਉਂਕਿ ਰੀਟੇਲਰਜ਼ ਸੇਲਜ਼ ਟੈਕਸ ਦੀ ਲਾਗਤ ਕਸਟਮਰਜ਼ ਤੋਂ ਵਸੂਲ ਲੈਂਦੇ ਹਨ ਪਰ ਰੈਂਟਲ ਡਿਵੈਲਪਰਜ਼ ਨੂੰ ਆਪ ਟੈਕਸ ਦੇਣਾ ਪੈਂਦਾ ਹੈ।

## ਸੰਭਾਵੀ ਮੁਜ਼ਾਹਰੇ ਤੋਂ ਪਹਿਲਾਂ ਕੁਈਨਜ਼ ਪਾਰਕ ਵਿਖੇ ਟਰੈਫਿਕ ਕੀਤਾ ਗਿਆ ਬੰਦ

ਟੋਰਾਂਟੋ, 26 ਸਤੰਬਰ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਸੰਭਾਵੀ ਮੁਜ਼ਾਹਰੇ ਕਾਰਨ ਡਾਊਨਟਾਊਨ ਟੋਰਾਂਟੋ ਸਥਿਤ ਕੁਈਨਜ਼ ਪਾਰਕ ਦੇ ਅੰਦਰ ਤੇ ਬਾਹਰ ਸੜਕਾਂ ਨੂੰ ਬੰਦ ਕਰ ਦਿੱਤਾ ਹੈ ਤੇ ਇੱਥੇ ਆਵਾਜਾਈ ਬਿਲਕੁਲ ਰੋਕ ਦਿੱਤੀ ਗਈ ਹੈ।

ਗਾਰਬੇਜ ਟਰੱਕ, ਟੀਟੀਸੀ ਦੀਆਂ ਬੱਸਾਂ ਤੇ ਪੁਲਿਸ ਦੀਆਂ ਕਾਰਾਂ ਲਾ ਕੇ ਮੋਟਰਿਸਟਸ ਦੀ ਪਹੁੰਚ ਪ੍ਰੋਵਿੰਸ਼ੀਅਲ ਵਿਧਾਨਸਭਾ ਤੱਕ ਰੋਕੀ ਗਈ ਹੈ। ਇਸ ਏਰੀਆ ਨਾਲ ਲੱਗਣ ਵਾਲੀਆਂ ਸਾਰੀਆਂ ਸਾਈਡ ਸਟਰੀਟਸ ਨੂੰ ਵੀ ਬੰਦ ਕਰ ਦਿੱਤਾ ਗਿਆ ਹੈ।ਟੋਰਾਂਟੋ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਸਬੰਧ ਵਿੱਚ ਕੁੱਝ ਜਾਣਕਾਰੀ ਮਿਲੀ ਹੈ ਕਿ ਸਕੂਲਾਂ ਵਿੱਚ ਲਿੰਗ ਤੇ ਜਿਨਸੀ ਪਛਾਣ ਸਬੰਧੀ ਪਾਠਕ੍ਰਮ ਲਗਾਏ ਜਾਣ ਦੀ ਚਰਚਾ ਤੋਂ ਬਾਅਦ ਇਸ ਦਾ ਵਿਰੋਧ ਕਰ ਰਹੇ ਇੱਕ ਗਰੁੱਪ "1 ਮਿਲੀਅਨ ਮਾਰਚ 4 ਚਿਲਡਰਨ" ਵੱਲੋਂ ਮੁਜ਼ਾਹਰਾ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।



ਸਵੇਰ ਦੇ 7:00 ਵਜੇ ਤੱਕ ਮੁਜ਼ਾਹਰੇ ਦਾ ਕੋਈ ਨਾਮੋ ਨਿਸ਼ਾਨ ਨਹੀਂ ਸੀ। ਪਰ ਪੁਲਿਸ ਵੱਲੋਂ ਸੋਸ਼ਲ ਮੀਡੀਆ ਉੱਤੇ ਅਜੇ ਵੀ ਸੰਭਾਵੀ ਮੁਜ਼ਾਹਰੇ ਦੀ ਗੱਲ ਕੀਤੀ ਜਾ ਰਹੀ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਮੁਜ਼ਾਹਰੇ ਦੀ ਸਹੀ ਲੋਕੇਸ਼ਨ ਨਹੀਂ ਪਤਾ ਪਰ ਉਹ ਫਿਰ ਵੀ ਇਸ ਲਈ ਪੂਰੀ ਤਿਆਰੀ ਕਰ ਰਹੇ ਹਨ। ਹੇਠਾਂ ਲਿਖੀਆਂ ਸੜਕਾਂ ਨੂੰ ਬੰਦ ਕਰ ਦਿੱਤਾ ਗਿਆ ਹੈ।

- NB/SB Queen's Park Crescent from Bloor Street West to College Street
- NB/SB University Avenue from College Street to Elm Street
- EB/WB Wellesley Street West at Queen's Park

## ਸਕੂਲ ਵਿੱਚ ਬੰਬ ਦੀ ਧਮਕੀ ਦੇਣ ਵਾਲੇ 13 ਸਾਲਾ ਲੜਕੇ ਨੂੰ ਕੀਤਾ ਗਿਆ ਚਾਰਜ

ਹੈਮਿਲਟਨ, 26 ਸਤੰਬਰ (ਪੋਸਟ ਬਿਊਰੋ) : ਕਥਿਤ ਤੌਰ ਉੱਤੇ ਸਕੂਲ ਵਿੱਚ ਕਾਲ ਕਰਕੇ ਬੰਬ ਦੀ ਧਮਕੀ ਦੇਣ ਵਾਲੇ 13 ਸਾਲਾ ਲੜਕੇ ਨੂੰ ਹੈਮਿਲਟਨ ਪੁਲਿਸ ਵੱਲੋਂ ਚਾਰਜ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਸ ਲੜਕੇ ਵੱਲੋਂ 26 ਸਤੰਬਰ ਨੂੰ ਮਾਊਂਟ ਐਲਬੀਅਨ ਐਲੀਮੈਂਟਰੀ ਸਕੂਲ ਨੂੰ ਕਾਲ ਕਰਕੇ ਬੰਬ ਹੋਣ ਦੀ ਧਮਕੀ ਦਿੱਤੀ ਗਈ ਸੀ। ਪੁਲਿਸ ਨੇ ਇੱਕ ਰਲੀਜ਼ ਵਿੱਚ ਦੱਸਿਆ ਕਿ ਜਦੋਂ ਸਕੂਲ ਦੇ ਲੋਕਲ ਪਤੇ ਤੋਂ ਕਾਲ ਨੂੰ ਟਰੇਸ ਕੀਤਾ ਗਿਆ ਤਾਂ ਪੁਲਿਸ ਇਸ ਲੜਕੇ ਤੱਕ ਪਹੁੰਚੀ ਤੇ ਉਸ ਨੇ ਇਹ ਮੰਨਿਆ ਕਿ ਕਾਲ ਉਸ ਵੱਲੋਂ ਹੀ ਕੀਤੀ ਗਈ ਸੀ।

ਹੈਮਿਲਟਨ ਪੁਲਿਸ ਨੇ ਦੱਸਿਆ ਕਿ ਬੰਬ ਦੀਆਂ ਧਮਕੀਆਂ ਤਾਜ਼ਾ ਗਰਮਾਇਆ ਹੋਇਆ ਮੁੱਦਾ ਹਨ। ਇਸ ਤਰ੍ਹਾਂ ਦੇ 16 ਮਾਮਲੇ 21 ਸਤੰਬਰ, 2023 ਤੋਂ ਹੁਣ ਤੱਕ ਸਾਹਮਣੇ ਆ ਚੁੱਕੇ ਹਨ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6
Brampton, ON, L6P 3W4
Aman Sharma
Open Saturday
Providing excellent quality legal services to our clients

MagGas Medical Brampton
MGM
MagGas Medical Inc.
Helping you breathe deep and rest easy.
- CPAP machines, masks and supplies
- Free consultations
- 30 day mask exchange
- Free deliveries
(647) 954-9885
20 Maritime Ont Blvd Unit 15
Brampton, ON L6S 0C2

Allstate. You're in good hands.
Insurance
Shawn Budwal
Allstate Sales Agent
Waterdown Agency
94 Dundas Street East, Unit 3
289-678-4024
sbudwal@allstate.ca
Trademark used under licence by Allstate Insurance Company.

SUPER VISA INSURANCE EXPERTS
Punjab Insurance Inc
- Disability Insurance
- Mortgage Insurance
- Life Insurance
- Visitor & Travel Insurance
- RESP(Education Plan)
- Critical Illness Insurance
RANJIT GILL
Insurance Advisor
Ph: 416.724.5000
7003 Steeles Ave. W, Unit 10, Etobicoke, ON, M9W 0A2
gill@punjabinsurance.ca
topinsuranceservices.ca

Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd.
1332 Khalsa Dr, Unit # 11,

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
JATINDERBIR S BAJWA
Insurance Broker
Dir:647-928-4990
www.ufsinsurance.com
# 25-831 Bovaird Dr. W. Brampton, ON L6X0T9 | www.ufsinsurance.com

KELLEY LAW OFFICE
- Immigration
- Family Law
- Corporate
- Real Estate
- Business Closing
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
Avon Financial
Brokerage Lic. 12538
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

## ਮਸਕ ਨੇ ਆਪਣੇ ਬੇਟੇ ਨੂੰ ਮੋਢੇ 'ਤੇ ਬਿਠਾ ਕੇ ਹੰਗਰੀ ਦੀ ਰਾਸ਼ਟਰਪਤੀ ਨਾਲ ਕੀਤੀ ਮੁਲਾਕਾਤ, ਆਬਾਦੀ ਸੰਕਟ ਬਾਰੇ ਕੀਤੀ ਮੀਟਿੰਗ

ਟੈਕਸਾਸ, 26 ਸਤੰਬਰ (ਪੋਸਟ ਬਿਊਰੋ): ਟੇਸਲਾ ਦੇ ਸੀਈਓ ਐਲੋਨ ਮਸਕ ਨੇ ਸੋਮਵਾਰ ਨੂੰ ਟੈਕਸਾਸ ਗੀਗਾਫੈਕਟਰੀ ਵਿਖੇ ਹੰਗਰੀ ਦੀ ਰਾਸ਼ਟਰਪਤੀ ਕੈਟਲਿਨ ਨੋਵਾਕ ਨਾਲ ਮੁਲਾਕਾਤ ਕੀਤੀ। ਦੋਵਾਂ ਵਿਚਾਲੇ ਵੈਸਟਰਨ ਵਰਲਡ ਦੀ ਆਬਾਦੀ ਘਟਣ ਦੇ ਸੰਕਟ 'ਤੇ ਚਰਚਾ ਹੋਈ।



ਹੰਗਰੀ ਦੀ ਰਾਸ਼ਟਰਪਤੀ ਨੇ ਇਸ ਮੁਲਾਕਾਤ ਦੀਆਂ ਤਸਵੀਰਾਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਸ਼ੇਅਰ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਬੱਚੇ ਪੈਦਾ ਨਾ ਹੋਣਾ ਸਾਡੇ ਸਮਿਆਂ ਦੀ ਸਭ ਤੋਂ ਵੱਡੀ ਚਿੰਤਾ ਹੈ। ਮਸਕ ਨੇ ਵੀ ਇਨ੍ਹਾਂ ਤਸਵੀਰਾਂ ਨੂੰ ਰੀਪੋਸਟ ਕੀਤਾ ਹੈ। ਮਸਕ ਨੇ ਇਹ ਵੀ ਲਿਖਿਆ ਕਿ 'ਬੱਚੇ ਪੈਦਾ ਕਰਨਾ ਦੁਨੀਆਂ ਨੂੰ ਬਚਾਉਣਾ ਹੈ'।

ਇਸ ਮੀਟਿੰਗ ਵਿੱਚ ਨੋਵਾਕ ਨੇ ਮਸਕ ਨੂੰ ਕਿਹਾ ਕਿ ਜਲਵਾਯੂ ਪਰਿਵਰਤਨ ਦੇ ਖ਼ਤਰਿਆਂ ਦੀ ਤੁਲਨਾ ਵਿੱਚ, ਜਨਸੰਖਿਆ ਸੰਕਟ ਵੱਲ ਪੂਰਾ ਧਿਆਨ ਨਹੀਂ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਬੇਔਲਾਦਤਾ (ਚਾਈਡਲੇਸਨੈਸ) ਸਾਡੇ ਸਮਿਆਂ ਦੀ ਸਭ ਤੋਂ ਵੱਡੀ ਚਿੰਤਾ ਹੈ।

ਨੋਵਾਕ ਨੇ ਕਿਹਾ ਕਿ ਮਸਕ ਨਾਲ ਗੱਲ ਕੀਤੀ ਕਿ ਅਸੀਂ ਨੌਜਵਾਨਾਂ ਨੂੰ ਬੱਚੇ ਪੈਦਾ ਕਰਨ ਲਈ ਉਤਸ਼ਾਹਿਤ ਕਰਨ ਲਈ ਇਕੱਠੇ ਕੀ ਕਰ ਸਕਦੇ ਹਾਂ। ਮਸਕ ਵੀ ਇਸ ਸਬੰਧੀ ਆਪਣੇ ਵਿਚਾਰ ਪ੍ਰਗਟ ਕਰਦੇ ਰਹੇ ਹਨ। ਹਾਲ ਹੀ ਵਿਚ ਉਨ੍ਹਾਂ ਕਿਹਾ ਸੀ ਕਿ ਪਾਪੂਲੇਸ਼ਨ ਕੋਲੇਪਸ' ਜਲਵਾਯੂ ਪਰਿਵਰਤਨ ਤੋਂ ਵੀ ਵੱਡਾ ਖ਼ਤਰਾ ਹੈ।

## ਅਜ਼ਰਬੈਜਾਨ ਵਿਚ ਗੈਸ ਪਲਾਂਟ ਵਿਚ ਹੋਇਆ ਧਮਾਕਾ, 20 ਲੋਕਾਂ ਦੀ ਮੌਤ

ਅਜ਼ਰਬੈਜਾਨ, 26 ਸਤੰਬਰ (ਪੋਸਟ ਬਿਊਰੋ): ਨਾਗੋਰਨੋ-ਕਾਰਾਬਾਖ ਵਿਚ ਵੱਖਵਾਦੀ ਅਧਿਕਾਰੀਆਂ ਨੇ ਮੰਗਲਵਾਰ ਨੂੰ ਕਿਹਾ ਕਿ ਇਕ ਗੈਸ ਸਟੇਸ਼ਨ 'ਤੇ ਹੋਏ ਧਮਾਕੇ ਵਿਚ ਘੱਟੋ-ਘੱਟ 20 ਲੋਕਾਂ ਦੀ ਮੌਤ ਹੋ ਗਈ ਅਤੇ 300 ਦੇ ਕਰੀਬ ਜ਼ਖਮੀ ਹੋ ਗਏ। ਪ੍ਰਥਕ ਖੇਤਰ ਦੇ ਸਿਹਤ ਵਿਭਾਗ ਨੇ ਕਿਹਾ ਕਿ ਖੇਤਰ ਦੀ ਰਾਜਧਾਨੀ ਸਟੇਪਨਾਕਰਟ ਦੇ ਬਾਹਰਵਾਰ ਇੱਕ ਗੈਸ ਸਟੇਸ਼ਨ 'ਤੇ ਸੋਮਵਾਰ ਦੇਰ ਰਾਤ ਨੂੰ ਹੋਏ ਧਮਾਕੇ ਤੋਂ ਬਾਅਦ 13 ਲਾਸ਼ਾਂ ਮਿਲੀਆਂ ਅਤੇ ਸੱਤ ਜ਼ਖਮੀ ਲੋਕਾਂ ਦੀ ਮੌਤ ਹੋ ਗਈ। ਸਿਹਤ ਵਿਭਾਗ ਨੇ ਦੱਸਿਆ ਕਿ 290 ਲੋਕਾਂ ਨੂੰ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਧਮਾਕੇ ਕਾਰਨ ਕਈ ਲੋਕਾਂ ਦੀ ਹਾਲਤ ਨਾਜ਼ੁਕ ਬਣੀ ਹੋਈ ਹੈ। ਇਸ ਖੇਤਰ 'ਤੇ ਤਿੰਨ ਦਹਾਕਿਆਂ ਤੱਕ ਵੱਖਵਾਦੀਆਂ ਦਾ



ਰਾਜ ਰਿਹਾ। ਅਜ਼ਰਬੈਜਾਨ ਦੀ ਫੌਜ ਵੱਲੋਂ ਪਿਛਲੇ ਹਫਤੇ ਇਲਾਕੇ 'ਤੇ ਪੂਰੀ ਤਰ੍ਹਾਂ ਦਾਅਵਾ ਕਰਨ ਲਈ ਮੁਹਿੰਮ ਸ਼ੁਰੂ ਕਰਨ ਤੋਂ ਬਾਅਦ ਹਜ਼ਾਰਾਂ ਨਾਗੋਰਨੋ-ਕਾਰਾਬਾਖ ਵਾਸੀ ਅਰਮੇਨੀਆ ਵੱਲ ਭੱਜ ਰਹੇ ਹਨ। ਇਸ ਦੌਰਾਨ ਧਮਾਕੇ ਦੀ ਇਹ ਘਟਨਾ ਵਾਪਰੀ।

ਜ਼ਿਕਰਯੋਗ ਹੈ ਕਿ ਅਜ਼ਰਬੈਜਾਨ ਦੀ ਫੌਜ ਦੇ ਕੰਟਰੋਲ ਵਿਚ ਆਉਣ ਤੋਂ ਬਾਅਦ ਹਜ਼ਾਰਾਂ ਲੋਕਾਂ ਨੇ ਨਾਗੋਰਨੋ-ਕਾਰਾਬਾਖ ਤੋਂ ਹਿਜਰਤ ਸ਼ੁਰੂ ਕਰ ਦਿੱਤੀ ਹੈ। ਅਜ਼ਰਬੈਜਾਨ ਦੀ ਫੌਜ ਨੇ ਇਸ 'ਤੇ ਪੂਰਾ ਕੰਟਰੋਲ ਸਥਾਪਿਤ ਕਰਨ ਤੋਂ ਬਾਅਦ ਹਜ਼ਾਰਾਂ ਅਰਮੀਨੀਆਈ ਨਾਗਰਿਕਾਂ ਨੂੰ ਨਾਗੋਰਨੋ-ਕਾਰਾਬਾਖ ਖੇਤਰ ਤੋਂ ਭੱਜਣ ਲਈ ਮਜ਼ਬੂਰ ਕੀਤਾ ਗਿਆ ਹੈ। ਇਸ ਦੌਰਾਨ, ਤੁਰਕੀ ਦੇ ਰਾਸ਼ਟਰਪਤੀ ਰੇਸੇਪ ਤੈਯਪ ਏਰਦੋਗਨ ਸੋਮਵਾਰ ਨੂੰ ਆਪਣੇ ਸਹਿਯੋਗੀ ਦੇਸ਼ ਨੂੰ ਸਮਰਥਨ ਦੇਣ ਲਈ ਅਜ਼ਰਬੈਜਾਨ ਦਾ ਦੌਰਾ ਕਰਨ ਵਾਲੇ ਹਨ। ਅਜ਼ਰਬਾਈਜਾਨੀ ਬਲਾਂ ਨੇ ਪਿਛਲੇ ਹਫਤੇ 24 ਘੰਟਿਆਂ ਦੀ ਮੁਹਿੰਮ ਵਿੱਚ ਅਰਮੀਨੀਆਈ ਬਲਾਂ ਨੂੰ ਹਰਾ ਦਿੱਤਾ।

## ਅੱਜ ਨਾਮਾ

ਮਾਰਿਆ ਮਾਨ ਨੂੰ ਦਾਬਾ ਜਿਹਾ ਬਾਜਵੇ ਨੇ,
ਸਕਦੇ ਤੇਰੇ ਵਿਧਾਇਕ ਕਈ ਟੁੱਟ ਮੀਆਂ।
ਅੰਨ੍ਹੀ ਪਾਈ ਪਈ ਤੇਰੇ ਕਈ ਸਾਥੀਆਂ ਨੇ,
ਕਮਾਈ ਕਰਨ ਨੂੰ ਧੂੜਾਂ ਰਹੇ ਪੁੱਟ ਮੀਆਂ।
ਤੁਣਕਾ ਅਸੀਂ ਜੇ ਕਿਸੇ ਦਿਨ ਮਾਰ ਦਿੱਤਾ,
ਛੋਟਾ ਰਹਿਜੂ ਵਿਧਾਇਕਾਂ ਦਾ ਗੁੱਟ ਮੀਆਂ।
ਚੱਲਣੀ ਨਹੀਂ ਸਰਕਾਰ, ਨਾ ਰਾਜ ਰਹਿਣਾ,
ਰੌਣਕਾਂ-ਮੇਲੇ ਸਭ ਜਾਣੇ ਆ ਛੁੱਟ ਮੀਆਂ।
ਮਿਹਣਾ ਮੋੜਵਾਂ ਮਾਰ ਫਿਰ ਮਾਨ ਕਹਿੰਦਾ,
ਪਹਿਲਾਂ ਕਾਂਗਰਸ ਨੂੰ ਲਵੋ ਸੰਭਾਲ ਮੀਆਂ।
ਮਸਾਂ 'ਠਾਰਾਂ ਵਿਧਾਇਕ ਆ ਕਾਂਗਰਸ ਦੇ,
ਸੁਣੀਂਦੇ ਵਿੱਚੋਂ ਕੁਝ ਭਾਜਪਾ ਨਾਲ ਮੀਆਂ।

**ਤੀਸ ਮਾਰ ਖਾਂ**

## ਗੁਰਦਾਸਪੁਰ ਵਿਚ ਪਤੀ ਨੇ ਪਤਨੀ ਨੂੰ ਬੁਰੀ ਤਰ੍ਹਾਂ ਕੁੱਟਿਆ, ਵਾਲਾਂ ਤੋਂ ਖਿੱਚ ਕੇ ਸੜਕ ਗਲੀ ਵਿਚ ਘੜੀਸਿਆ, ਵੀਡੀਓ ਹੋਈ ਵਾਇਰਲ

ਗੁਰਦਾਸਪੁਰ, 26 ਸਤੰਬਰ (ਪੋਸਟ ਬਿਊਰੋ): ਗੁਰਦਾਸਪੁਰ ਦੀ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਜਿਸ ਵਿੱਚ ਇੱਕ ਵਿਅਕਤੀ ਇੱਕ ਔਰਤ ਨੂੰ ਵਾਲਾਂ ਤੋਂ ਖਿੱਚ ਕੇ ਗਲੀ ਵਿੱਚ ਲੈ ਕੇ ਜਾ ਰਿਹਾ ਹੈ ਅਤੇ ਉਸਦੀ ਬੁਰੀ ਤਰ੍ਹਾਂ ਕੁੱਟਮਾਰ ਕਰਦਾ ਨਜ਼ਰ ਆ ਰਿਹਾ ਹੈ। ਜਾਂਚ ਤੋਂ ਬਾਅਦ ਪਤਾ ਲੱਗਾ ਕਿ ਇਹ ਵੀਡੀਓ ਪਿੰਡ ਛੋੜੀਆਂ ਦੀ ਹੈ ਅਤੇ ਔਰਤ ਦੀ ਬੁਰੀ ਤਰ੍ਹਾਂ ਕੁੱਟਮਾਰ ਕਰਨ ਵਾਲਾ ਵਿਅਕਤੀ ਉਸਦਾ ਪਤੀ ਹੈ।

ਪਤੀ ਦੇ ਅੱਤਿਆਚਾਰ ਦਾ ਸ਼ਿਕਾਰ ਹੋਈ ਔਰਤ ਸਿਵਲ ਹਸਪਤਾਲ ਧਾਰੀਵਾਲ ਵਿੱਚ ਜ਼ੇਰੇ ਇਲਾਜ ਹੈ। ਉਸ ਦੀ ਮਾਂ ਨੇ ਦੱਸਿਆ ਕਿ ਉਸ ਦੀ ਲੜਕੀ ਦਾ ਪਤੀ ਅਕਸਰ ਉਸ ਦੀ ਕੁੱਟਮਾਰ ਕਰਦਾ ਹੈ ਅਤੇ ਉਸ ਦੇ ਸਹੁਰੇ ਦਾਜ ਦੀ ਮੰਗ ਕਰਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਦੱਸਿਆ ਕਿ ਇਸ ਮਾਮਲੇ ਦੀ ਸ਼ਿਕਾਇਤ ਥਾਣਾ ਭੈਣੀ ਮੀਆਂ ਖਾਂ ਵਿਖੇ ਦਰਜ ਕਰਵਾਈ ਗਈ



ਹੈ।


ਪੀੜਤ ਔਰਤ ਮੀਨੂੰ ਅਤੇ ਉਸ ਦੀ ਮਾਂ ਰੀਟਾ ਨੇ ਦੱਸਿਆ ਕਿ ਉਪਰੋਕਤ ਵੀਡੀਓ ਕੱਲ੍ਹ ਬਣਾਇਆ ਗਿਆ ਸੀ। ਜਿਸ ਵਿਚ ਉਸਦਾ ਪਤੀ ਉਸਨੂੰ ਵਾਲਾਂ ਤੋਂ ਖਿੱਚ ਕੇ ਘਰ ਲੈ ਗਿਆ। ਸੂਚਨਾ ਮਿਲਣ 'ਤੇ ਉਸ ਦੇ ਨਾਨਕੇ ਪਿੰਡ ਦੇ ਪੰਚਾਇਤ ਮੈਂਬਰ, ਮਾਤਾ, ਭਰਾ ਅਤੇ ਉਸ ਨੂੰ ਉਥੋਂ ਚੁੱਕ ਕੇ ਜ਼ਖਮੀ ਹਾਲਤ ਵਿਚ ਸਿਵਲ ਹਸਪਤਾਲ ਧਾਰੀਵਾਲ ਵਿਖੇ ਦਾਖਲ ਕਰਵਾਇਆ। ਪੀੜਤ ਔਰਤ ਨੇ ਦੱਸਿਆ ਕਿ ਉਹ ਗਰੀਬ ਪਰਿਵਾਰ ਨਾਲ ਸਬੰਧ ਰੱਖਦੀ ਹੈ। ਉਸ ਦੇ ਸਹੁਰੇ ਅਕਸਰ ਦਾਜ ਦੀ ਮੰਗ ਕਰਦੇ ਹਨ ਅਤੇ ਉਸ ਦੀ ਕੁੱਟਮਾਰ ਕਰਦੇ ਹਨ।

ਮੌਕੇ 'ਤੇ ਸਿਵਲ ਹਸਪਤਾਲ ਪੁੱਜੇ ਭੈਣੀ ਮੀਆਂ ਖਾਂ ਥਾਣੇ ਦੇ ਜਾਂਚ ਅਧਿਕਾਰੀ ਸਬ ਇੰਸਪੈਕਟਰ ਮੋਹਨ ਲਾਲ ਨੇ ਦੱਸਿਆ ਕਿ ਉਨ੍ਹਾਂ ਨੂੰ ਪੀੜਤ ਮੀਨੂੰ ਦੀ ਸ਼ਿਕਾਇਤ ਮਿਲੀ ਹੈ। ਡਾਕਟਰਾਂ ਤੋਂ ਐੱਮ.ਐੱਲ.ਆਰ. ਵੀ ਕੱਟ ਦਿੱਤੀ ਗਈ ਹੈ। ਪਰ ਪੀੜਤ ਔਰਤ ਨੇ ਆਪਣਾ ਬਿਆਨ ਦਰਜ ਨਹੀਂ ਕਰਵਾਇਆ। ਸ਼ਿਕਾਇਤ ਦਰਜ ਹੋਣ ਤੋਂ ਬਾਅਦ ਬਣਦੀ ਕਾਰਵਾਈ ਕੀਤੀ



















# ਜਦੋਂ ਦੁਪਹਿਰ ਦੇ ਖਾਣੇ ਦੀ ਦਾਅਵਤ 'ਮਿੰਨੀ ਸਾਹਿਤ ਸਮਾਗ਼ਮ' ਦਾ ਰੂਪ ਧਾਰ ਗਈ...

## ਸੈਂਡੀ ਗਿੱਲ ਦੇ ਘਰ ਹੋਈ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੀ 'ਰੀਵਿਊ- ਮੀਟਿੰਗ' ਦੌਰਾਨ ਚੱਲਿਆ ਗੀਤ-ਸੰਗੀਤ ਤੇ ਕਵਿਤਾਵਾਂ ਦਾ ਪ੍ਰਵਾਹ









ਬਰੈਂਪਟਨ, (ਡਾ. ਝੰਡ) – ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਮਹੀਨੇ ਦੇ ਤੀਸਰੇ ਐਤਵਾਰ ਆਪਣਾ ਮਹੀਨਾਵਾਰ ਸਮਾਗ਼ਮ ਕਰਦੀ ਹੈ ਅਤੇ ਉਸ ਤੋਂ ਅਗਲੇ ਹਫ਼ਤੇ ਇਸ ਦੀ ਕਰਜਕਾਰਨੀ ਦੇ ਮੈਂਬਰ ਇਸ ਸਮਾਗ਼ਮ ਦੀ ਪੜਚੋਲ ਕਰਦੇ ਹਨ। ਸਮਾਗ਼ਮ ਦੌਰਾਨ ਰਹਿ ਗਈਆਂ ਕਮੀਆਂ-ਪੇਸ਼ੀਆਂ ਬਾਰੇ ਡੂੰਘਾਈ ਨਾਲ ਵਿਚਾਰ-ਵਟਾਂਦਰਾ ਹੁੰਦਾ ਹੈ ਅਤੇ ਆਉਣ ਵਾਲੇ ਸਮਾਗ਼ਮਾਂ ਵਿਚ ਇਨ੍ਹਾਂ ਨੂੰ ਦੂਰ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਅਗਲੇ ਮਹੀਨੇ ਹੋਣ ਵਾਲੇ ਸਮਾਗ਼ਮ ਦਾ ਏਜੰਡਾ ਵੀ ਤਿਆਰ ਕੀਤਾ ਜਾਂਦਾ ਹੈ।

ਸਭਾ ਦੀ ਕਾਰਜਕਾਰਨੀ ਦੀ ਇਸ ਮਹੀਨੇ ਦੀ ਇਹ ਮੀਟਿੰਗ 'ਹੋਮ-ਲਾਈਫ਼ ਰਿਆਲਿਟੀ' ਨਾਲ ਪਿਛਲੇ ਲੈਂ ਸਮੇਂ ਤੋਂ ਜੁੜੀ ਹੋਈ ਬਰੈਂਪਟਨ ਦੀ ਉੱਘੀ ਰਿਆਲਟਰ ਸੈਂਡੀ ਗਿੱਲ ਵੱਲੋਂ ਆਪਣੇ ਘਰ ਦੁਪਹਿਰ ਦੇ ਖਾਣੇ 'ਤੇ ਕਰਨ ਦਾ ਸੱਦਾ ਦਿੱਤਾ ਗਿਆ ਜਿਸ ਨੂੰ ਸਵੀਕਾਰਦਿਆਂ ਹੋਇਆਂ ਕਾਰਜਕਾਰਨੀ ਦੇ ਮੈਂਬਰ ਨਿਸਚਤ ਸਮੇਂ ਬਾਅਦ ਦੁਪਹਿਰ ਇੱਕ ਵਜੇ ਸੈਂਡੀ ਗਿੱਲ ਦੇ ਘਰ ਪਹੁੰਚ ਗਏ। ਮੇਜ਼ਬਾਨ ਸੈਂਡੀ ਗਿੱਲ ਅਤੇ ਉਸ ਦੇ ਪਤੀਦੇਵ ਪਰਿੰਸ ਹੁਰਾਂ ਵੱਲੋਂ ਸਾਰਿਆਂ ਦਾ ਗਰਮਜੋਸ਼ੀ ਨਾਲ ਸੁਆਗ਼ਤ ਕੀਤਾ ਗਿਆ। ਰਸਮੀ ਗੱਲਬਾਤ ਦੌਰਾਨ ਪਾਣੀ/ਜੂਸ ਪੀਂਦਿਆਂ ਆਮ ਦੁਨਿਆਵੀ ਗੱਲਾਂ-ਬਾਤਾਂ ਦਾ ਸਿਲਸਿਲਾ ਚੱਲਦਾ ਰਿਹਾ ਅਤੇ ਫਿਰ ਮੇਜ਼ਬਾਨਾਂ ਦੇ ਸੱਦੇ 'ਤੇ ਸਾਰੇ ਖਾਣੇ ਦੇ ਮੇਜ਼ਾਂ ਵੱਲ ਚੱਲ ਪਏ। ਵੈੱਜ ਤੇ ਨਾਨ-ਵੈੱਜ ਦੋਹਾਂ ਤਰ੍ਹਾਂ ਦਾ ਖਾਣਾ ਬਹੁਤ ਸੁਆਦਲਾ ਸੀ ਅਤੇ ਸਾਰਿਆਂ ਨੇ ਮਿਲ ਕੇ ਇਸ ਦਾ ਖ਼ੂਬ ਅਨੰਦ ਮਾਣਿਆਂ।

ਖਾਣੇ ਤੋਂ ਵਿਹਲੇ ਹੋ ਕੇ ਸਾਰੇ ਹੇਠਾਂ ਬੇਸਮੈਂਟ ਵਿਚ ਬਣੇ ਹਾਲ ਵਿਚ ਗਏ ਅਤੇ ਉੱਥੇ ਸੋਫ਼ਿਆਂ 'ਤੇ ਬੈਠ ਕੇ ਸਭਾ ਦੇ ਸਤੰਬਰ ਮਹੀਨੇ ਦੇ ਸਮਾਗ਼ਮ ਦੀ ਪੜਚੋਲ ਦੀ ਕਾਰਵਾਈ ਮਲੂਕ ਸਿੰਘ ਕਾਹਲੋਂ ਵੱਲੋਂ ਚੇਅਰਮੈਨ ਕਰਨ ਅਜਾਇਬ ਸਿੰਘ ਸੰਘਾ ਦੀ ਪ੍ਰਧਾਨਗੀ ਹੇਠ ਆਰੰਭ ਕੀਤੀ ਗਈ। ਸਾਰੇ ਹੀ ਮੈਂਬਰਾਂ ਦਾ ਇੱਕ-ਮੁੱਠ ਵਿਚਾਰ ਸੀ ਕਿ ਮਹਾਨ ਉਰਦੂ ਲੇਖਕ ਰਾਜਿੰਦਰ ਸਿੰਘ ਬੇਦੀ ਨੂੰ ਸਮੱਰਪਿਤ ਇਹ ਸਮਾਗ਼ਮ ਸਭਾ ਦਾ ਅਤੀ ਸਫ਼ਲ ਸਮਾਗ਼ਮ ਸੀ ਜਿਸ ਵਿਚ ਡਾ. ਜਗਮੋਹਨ ਸੰਘਾ ਵੱਲੋਂ ਬੇਦੀ ਸਾਹਿਬ ਦੇ ਜੀਵਨ ਅਤੇ ਉਨ੍ਹਾਂ ਵੱਲੋਂ ਉਰਦੂ ਸਾਹਿਤ ਅਤੇ ਹਿੰਦੀ ਫ਼ਿਲਮਾਂ ਵਿਚ ਪਾਏ ਗਏ ਯੋਗਦਾਨ ਬਾਰੇ ਭਰਪੂਰ ਜਾਣਕਾਰੀ ਦਿੱਤੀ ਗਈ ਸੀ। 'ਅਧਿਆਪਕ-ਦਿਵਸ' ਮਨਾਉਣ ਲਈ ਇਸ ਦੇ ਬਾਰੇ ਹਰਜਸਪ੍ਰੀਤ ਗਿੱਲ, ਡਾ. ਸਤਿੰਦਰ ਕਾਹਲੋਂ ਅਤੇ ਹੋਰ ਬੁਲਾਰਿਆਂ ਵੱਲੋਂ ਬਹੁਤ ਵਧੀਆ ਜਾਣਕਾਰੀ ਸਾਂਝੀ ਕੀਤੀ ਗਈ। ਅਗਲੇ ਮਹੀਨੇ ਦੇ ਸਮਾਗ਼ਮ ਦੇ ਏਜੰਡੇ ਲਈ ਸਰਬਸੰਮਤੀ ਨਾਲ ਲੇਖਕ ਸੋਹਣ ਸਿੰਘ ਪੂਨੀ ਵੱਲੋਂ ਪਿਛਲੇ ਸਾਲ 2022 ਵਿਚ ਪ੍ਰਕਾਸ਼ਿਤ ਕੀਤੀ ਗਈ ਪੁਸਤਕ 'ਸਲਾਮ ਬੰਗਾ' ਬਾਰੇ ਵਿਚਾਰ-ਗੋਸ਼ਟੀ ਕਰਨ ਦਾ ਫ਼ੈਸਲਾ ਹੋਇਆ ਜਿਸ ਦੇ ਬਾਰੇ ਡਾ. ਸੁਖਦੇਵ ਸਿੰਘ ਝੰਡ ਅਤੇ ਡਾ. ਸਤਿੰਦਰ ਕਾਹਲੋਂ ਮੁੱਖ-ਬੁਲਾਰਿਆਂ ਵਜੋਂ ਪੁਸਤਕ ਦੇ ਬਾਰੇ ਆਪਣੇ ਪਰਚੇ ਪੜ੍ਹਨਗੇ ਅਤੇ ਹੋਰ ਵਿਦਵਾਨ ਇਸ ਬਾਰੇ ਵਿਚਾਰ-ਚਰਚਾ ਵਿਚ ਭਾਗ ਲੈਣਗੇ।

ਉਪਰੰਤ, ਸਾਰਿਆਂ ਨੇ ਬੇਸਮੈਂਟ ਵਿਚ ਬਣੇ ਮਿੰਨੀ-ਥੀਏਟਰ ਵਿਚ ਡਾ. ਜਗਮੋਹਨ ਸੰਘਾ ਦੀ ਨਿਰਦੇਸ਼ਨਾ ਹੇਠ ਇਕਬਾਲ ਬਰਾੜ ਦੇ ਗਾਣੇ 'ਸਾਕੀ' ਨੂੰ ਮਾਣਿਆਂ ਅਤੇ ਅਗਲੇ ਪ੍ਰੋਗਰਾਮ ਲਈ ਫਿਰ ਦੁਬਾਰਾ ਫਿਰ ਸੋਫ਼ਿਆਂ 'ਤੇ ਬਿਰ-ਾਜਮਾਨ ਹੋ ਗਏ। ਇਸ ਰੰਗਾ-ਰੰਗ ਸੱਭਿਆਚਾਰਕ ਪ੍ਰੋਗਰਾਮ ਵਿਚ ਸੱਭ ਤੋਂ ਪਹਿਲਾਂ ਪਰਮਜੀਤ ਢਿੱਲੋਂ ਨੇ ਆਪਣਾ ਗੀਤ ਪੇਸ਼ ਕੀਤਾ ਅਤੇ ਫਿਰ ਇਕਬਾਲ ਬਰਾੜ ਨੇ ਹਾਰਮੋਨੀਅਮ 'ਤੇ ਵੱਖ-ਵੱਖ ਸੁਰਾਂ ਕੱਢਦਿਆਂ ਹੋਇਆਂ ਕਈ ਗੀਤ ਪੇਸ਼ ਕੀਤੇ ਜਿਨ੍ਹਾਂ ਵਿਚ ਉਰਦੂ ਤੇ ਪੰਜਾਬੀ ਗ਼ਜ਼ਲਾਂ, ਪਾਕਿਸਤਾਨੀ ਗੀਤ, ਪੁਰਾਣੀਆਂ ਹਿੰਦੀ ਫ਼ਿਲਮਾਂ ਦੇ ਗੀਤ ਅਤੇ 'ਫ਼ੋਕ-ਸੌਂਗ' ਸ਼ਾਮਲ ਸਨ। ਬਰਾੜ ਸਾਹਿਬ ਨੂੰ ਵਿਚ-ਵਿਚਾਲੇ ਸਾਹ ਦਿਵਾਉਂਦਿਆਂ ਹੋਇਆਂ ਪਰਮਜੀਤ ਗਿੱਲ ਅਤੇ ਪਰਮਜੀਤ ਢਿੱਲੋਂ ਵੱਲੋਂ ਕਈ ਗੀਤ ਸੁਣਾਏ ਗਏ।

ਚੱਲ ਰਹੇ ਇਸ ਪ੍ਰੋਗਰਾਮ ਵਿਚ ਚਾਹ ਦੀਆਂ ਚੁਸਕੀਆਂ ਲੈਂਦਿਆਂ ਹੋਇਆਂ ਸਰੋਤਿਆਂ ਨੇ ਮਕਸੂਦ ਚੌਧਰੀ, ਕਰਨ ਅਜਾਇਬ ਸਿੰਘ ਸੰਘਾ, ਸੈਂਡੀ ਗਿੱਲ ਅਤੇ ਹੋਰਨਾਂ ਵੱਲੋਂ ਸੁਣਾਈਆਂ ਗਈਆਂ ਕਵਿਤਾਵਾਂ ਦਾ ਵੀ ਖ਼ੂਬ ਅਨੰਦ ਮਾਣਿਆਂ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਇਸ ਮਿੰਨੀ-ਸਮਾਗ਼ਮ ਬਾਰੇ ਬੜੇ ਭਾਵਪੂਰਤ ਸ਼ਬਦ ਕਹੇ ਗਏ ਅਤੇ ਮੇਜ਼ਬਾਨ-ਜੋੜੀ ਸੈਂਡੀ ਗਿੱਲ ਤੇ ਪਰਿੰਸ ਦਾ ਇਹ ਖ਼ੂਬਸੂਰਤ ਮੌਕਾ ਪੈਦਾ ਕਰਨ ਲਈ ਧੰਨਵਾਦ ਕੀਤਾ ਗਿਆ। ਇਸ ਦੌਰਾਨ ਤਰਕਸ਼ੀਲ ਸੋਸਾਇਟੀ ਆਫ਼ ਕੈਨੇਡਾ ਦੇ ਜਨਰਲ ਸਕੱਤਰ ਬਲਦੇਵ ਰਹਿਪਾ, ਡਾ. ਜਗਮੋਹਨ ਸਿੰਘ ਸੰਘਾ, ਡਾ. ਸੁਖਦੇਵ ਸਿੰਘ ਝੰਡ, ਪਰਮਿੰਦਰ ਕੌਰ ਲਹਿੰਦੇ ਪੰਜਾਬ ਤੋਂ ਜਨਾਬ ਸਮੀਉਲਾ ਖ਼ਾਨ, ਉਨ੍ਹਾਂ ਦੀ ਬੇਗ਼ਮ ਸਾਹਿਬਾ ਤੇ ਕਈ ਹੋਰ ਸ਼ਾਮਲ ਸਨ। ਮਕਸੂਦ ਚੌਧਰੀ ਤੇ ਸਮੀਉਲਾ ਖ਼ਾਨ ਵੱਲੋਂ ਮੇਜ਼ਬਾਨ ਜੋੜੀ, ਡਾ. ਸਤਿੰਦਰ ਕਾਹਲੋਂ ਅਤੇ ਹਰਜਸਪ੍ਰੀਤ ਗਿੱਲ ਨੂੰ ਸਨਮਾਨਿਤ ਕੀਤਾ ਗਿਆ। ਇਸ ਤਰ੍ਹਾਂ ਸਭਾਂ ਦੇ ਪਿਛਲੇ ਪ੍ਰੋਗਰਾਮ ਦੀ ਪੜਚੋਲ ਕਰਦੀ ਖਾਣੇ ਦੀ ਇਹ ਦਾਅਵਤ ਇਕ ਸ਼ਾਨਦਾਰ 'ਮਿੰਨੀ ਸਾਹਿਤਕ ਸਮਾਗ਼ਮ' ਦਾ ਰੂਪ ਧਾਰਨ ਕਰ ਗਈ।

# ਬੋਨੀਗਲਿਨ ਸੀਨੀਅਰਜ਼ ਕਲੱਬ ਵੱਲੋਂ ਸ਼ਹੀਦ ਭਗਤ ਸਿੰਘ ਦਾ ਜਨਮ ਦਿਨ ਸ਼ਨੀਵਾਰ 30 ਸਤੰਬਰ ਨੂੰ ਬੋਨੀਗਲਿਨ ਪਾਰਕ ਵਿਖੇ ਮਨਾਇਆ ਜਾਏਗਾ

ਕੈਲੇਡਨ, (ਡਾ. ਝੰਡ) – ਪ੍ਰਾਪਤ ਸੂਚਨਾ ਅਨੁਸਾਰ ਕੈਲੇਡਨ ਵਿਚ ਨਵ-ਗਠਿਤ 'ਬੋਨੀਗਲਿਨ ਸੀਨੀਅਰਜ਼ ਕਲੱਬ' ਵੱਲੋਂ ਸ਼ਹੀਦ-ਏ-ਆਜ਼ਮ ਭਗਤ ਸਿੰਘ ਦਾ ਜਨਮ-ਦਿਹਾੜਾ ਸ਼ਨੀਵਾਰ 30 ਸਤੰਬਰ ਨੂੰ ਬਾਅਦ ਦੁਪਹਿਰ 1.00 ਵਜੇ ਤੋਂ 3.00 ਵਜੇ ਤੀਕ ਮਨਾਇਆ ਜਾ ਰਿਹਾ ਹੈ। ਇਸ ਮੌਕੇ ਵਿਦਵਾਨ ਬੁਲਾਰਿਆਂ ਵੱਲੋਂ ਸ਼ਹੀਦ ਭਗਤ ਸਿੰਘ ਦੇ ਪਰਿਵਾਰਕ ਪਿਛੋਕੜ, ਜੀਵਨ, ਵਿਚਾਰਧਾਰਾ ਅਤੇ ਮਹਿਜ਼ 24 ਸਾਲ ਦੀ ਉਮਰ ਵਿਚ ਭਾਰਤ ਦੀ ਆਜ਼ਾਦੀ ਲਈ ਦਿੱਤੀ ਗਈ ਮਹਾਨ ਕੁਰਬਾਨੀ ਬਾਰੇ ਵਿਚਾਰ-ਚਰਚਾ ਕੀਤੀ ਜਾਏਗੀ। ਇਸ ਮੌਕੇ ਦੇਸ਼-ਭਗਤੀ ਦੇ ਗੀਤ ਪੇਸ਼ ਜਾਣਗੇ ਅਤੇ ਕਵੀ-ਜਨਾਂ ਵੱਲੋਂ ਕਵਿਤਾਵਾਂ ਸੁਣਾਈਆਂ ਜਾਣਗੀਆਂ। ਕਲੱਬ ਵੱਲੋਂ ਖਾਣ-ਪੀਣ ਦਾ ਵਧੀਆ ਪ੍ਰਬੰਧ ਹੋਵੇਗਾ। ਸਮੂਹ ਭੈਣਾਂ, ਭਰਾਵਾਂ, ਬਜ਼ੁਰਗਾਂ, ਮਾਤਾਵਾਂ ਤੇ ਨੌਜੁਆਨਾਂ ਨੂੰ ਇਸ ਸਮਾਗ਼ਮ ਵਿਚ ਸ਼ਾਮਲ ਹੋਣ ਲਈ ਬੇਨਤੀ ਕੀਤੀ ਜਾਂਦੀ ਹੈ। ਇਸ ਸਬੰਧੀ ਹੋਰ ਜਾਣਕਾਰੀ ਲਈ ਕਲੱਬ ਦੇ ਪ੍ਰਧਾਨ ਤਰਲੋਚਨ ਸਿੰਘ ਗਰੇਵਾਲ (+1 647-721-4280) ਜਾਂ ਕਾਮਰੇਡ ਜਗਜੀਤ ਸਿੰਘ ਜੋਗਾ (+1 365-998-9808) ਨੂੰ ਸੰਪਰਕ ਕੀਤਾ ਜਾ ਸਕਦਾ ਹੈ।



Office: 416-654-1010


Sutton

Sutton Group Security Real Estate Brokerage
2700 Dufferin St #47, Toronto ON M6B4J3



"For all your real estate needs"

Anabela Serra
Sales Representative
416-400-5825
anabelserra75@gmail.com



$1,149,000

98 JOHN ST E
Bradford West Gwillimbury, Ontario L3Z1G4

A 5-Plex on a Premium lot of 54 x 148*. Lovely stucco & vinyl multiplex in the heart of Bradford. Annual Gross Income is Approx $60,000. Located on a quiet residential street that is close to schools, shopping, restaurants & entertainment. Easy access to the highway for commuters


97 JOHN ST E
Bradford West Gwillimbury, Ontario L3Z2B5



$1,089,000

A charming, well-maintained detached house that's been converted into 4 units; One 2 bedroom unit and three 1 bedroom units. This property sits on a premium lot 50X148 with a large backyard and a large storage shed shared by tenants. Easily convert back to a single family home. All units are currently rented on a month-to-month tenancy.

103 JOHN ST W
Bradford West Gwillimbury, Ontario L3Z2A8



$799,000

**3 UNITS** Lovely semi detached in the heart of Bradford. One 2 bedroom unit, One 1 bedroom unit and 1 bachelor. Annual Gross Income Is Approx $41,000(Gross). Lots Of Parking, Quiet Residential Street Close To Shopping, Restaurants, Schools And Entertainment. Huge Lot 36Ft X 167 Ft. All tenants on a month-to-month tenancy.

6273 YONGE ST
Innisfil, Ontario L0L1K0



$799,000

Great opportunity to own a 4-plex with a monthly income of $4654.00. This property features 3 two bedroom units and one 1 bedroom unit. New septic system was installed in 2021. The tenants would like to stay if possible. Location is on the bus route and minutes to Barrie or Bradford. EXTRA: All existing appliances, all ELFs, Coin operated washer and dryer.

2217 VICTORIA ST
Innisfil, Ontario L9S1A8



$499,000

Ideal building lot dream home steps to the beach. Or Perfect Starter Home Or Investment Property In Village Of Stroud. Home Is Located Minutes From The Go Bus Stop And A Short Walk From Stores And All Amenities. Features Include Gas Furnace 2014, Steel Roof 2014, Plumbing And Wiring 2014, Electrical Panel 2014. A Short Drive To Lake Simcoe.

CAPITAL SERVICES

INSURANCE | VEHICLE REG. | IMMIGRATION | NOTARY PUBLIC | LIVE SCAN

ਸੈਕਰਾਮੈਂਟੋ, ਕੈਲੀਫੋਰਨੀਆ

AUTO · HOME · TRUCK · BUSINESS · LIFE · MEDICAL

ਪਾਸਪੋਰਟ / ਵੀਜ਼ਾ
* ੳ ਸੀ ਆਈ
* ਸਰੈਂਡਰ ਸਰਟੀਫਿਕੇਟ, ਪੈਨ ਕਾਰਡ
* ਫੈਮਲੀ ਪਟੀਸ਼ਨ * ਗਰੀਨ ਕਾਰਡ
* ਸਿਟੀਜਨ * ਵਸੀਅਤ *Living Trust
* ਫੈਮਲੀ ਪਟੀਸ਼ਨ *Legal Documents
The Attorney has 25 years of experience in your favor for all legal services.

Vehicle Registration
(Approved by CA DMV)
* ਕਾਰ ਸਟਿੱਕਰ ਸਲਾਨਾ
* ਕਾਰ ਟਰਾਂਸਫਰ
* ਪਲੇਟਾਂ ਤੇ ਸਟਿੱਕਰ
* ਕਮਰਸ਼ੀਅਲ ਵਹੀਕਲ
* Vin Verification
Lic.43779

Other Services
* Live Scan / Fingerprints
* Covered California.
* Drug Testing * Alcohol Tes
* Notary Services
* International Driver Lic.
Lic. 600094



Office Ph.(916) 427-4321
6624 FLORIN ROAD, SACRAMENTO CA, 95828
FAX: 916)258-0441, Cell: (916)308-7997
Email: sacramento99@yahoo.com Website: www.capitalservices.us



Capital DRUG TESTING

CAPITAL DRUG TESTING
Drug and Alcohol Test
DOT / NON DOT
PRE EMPLOYMENT - RANDOM
POST ACCIDENT - REASONABLE SUSPICION
Services: DOT Random Prog., FMCSA Clearinghouse, DOT Supervisor Training, SAP Classes Etc.

Lab. Ph:(916) 680-9293
6624 Florin Road
Sacramento CA, 95828
Email: capitaldrugtest@gmail.com
Website: www.capitaldrugtest.com



# ਮਾਨਸਾ ਵਿਚ ਨਸ਼ੇ ਦੀ ਓਵਰਡੋਜ਼ ਕਾਰਨ ਸਰਕਾਰੀ ਮੁਲਾਜ਼ਮ ਦੀ ਮੌਤ



ਰਾਮਪੁਰਾਫੂਲ, 26 ਸਤੰਬਰ (ਪੋਸਟ ਬਿਊਰੋ): ਮਾਨਸਾ ਵਿਚ ਮੰਗਲਵਾਰ ਨੂੰ ਨਸ਼ੇ ਦੀ ਓਵਰਡੋਜ਼ ਨਾਲ ਇੱਕ ਨੌਜਵਾਨ ਦੀ ਮੌਤ ਹੋ ਗਈ। ਪਰਿਵਾਰ ਨੇ ਲਾਸ਼ ਨੂੰ ਸਿਵਲ ਹਸਪਤਾਲ ਵਿਚ ਰੱਖ ਕੇ ਮਾਨਸਾ ਦੀ ਜ਼ਿਲਾ ਅਦਾਲਤ ਵਿਚ ਪ੍ਰਦਰਸ਼ਨ ਕੀਤਾ। ਮ੍ਰਿਤਕ ਦੀ ਪਹਿਚਾਣ ਪਰਵਿੰਦਰ ਸਿੰਘ (28) ਵਾਸੀ ਵਾਟਰ ਵਰਕਸ ਰੋਡ ਮਾਨਸਾ ਵਜੋਂ ਹੋਈ ਹੈ। ਪਰਿਵਾਰ ਮੁਤਾਬਕ ਉਕਤ ਨੌਜਵਾਨ ਪਿਛਲੇ ਛੇ ਸਾਲਾਂ ਤੋਂ ਨਸ਼ੇ ਦਾ ਸੇਵਨ ਕਰ ਰਿਹਾ ਸੀ। ਜਿਸ ਨੇ ਨਸ਼ੇ ਵਿਚੇ ਆਪਣੀ ਜ਼ਮੀਨ ਆਪ ਵੀ ਵੇਚ ਦਿੱਤੀ ਸੀ।

ਮ੍ਰਿਤਕ ਦੀ ਭੈਣ ਪ੍ਰਭਦੀਪ ਕੌਰ ਨੇ ਦੱਸਿਆ ਕਿ ਪਰਮਿੰਦਰ ਉਸ ਦਾ ਇਕਲੌਤਾ ਭਰਾ ਸੀ। ਜੋਕਿ ਸਰਕਾਰੀ ਨੌਕਰੀ ਕਰਦਾ ਸੀ ਅਤੇ ਨਸ਼ੇ ਕਾਰਨ ਉਸਨੇ ਆਪਣੀ ਜ਼ਮੀਨ-ਜਾਇਦਾਦ ਵੀ ਵੇਚ ਦਿੱਤੀ ਸੀ। ਆਪਣੇ ਨਸ਼ੇ ਦੀ ਪੂਰਤੀ ਲਈ ਉਹ ਉਨ੍ਹਾਂ ਦੀ ਕੁੱਟਮਾਰ ਵੀ ਕਰਦਾ ਸੀ। ਉਨ੍ਹਾਂ ਪੁਲਿਸ ਨੂੰ ਨਸ਼ਾ ਤਸਕਰਾਂ ਖਿਲਾਫ਼ ਕਾਰਵਾਈ ਕਰਨ ਦੀ ਵੀ ਅਪੀਲ ਕੀਤੀ। ਪਰ ਪੁਲਿਸ ਵੱਲੋਂ ਉਕਤ ਵਿਅਕਤੀਆਂ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ।

ਉਸ ਨੇ ਸਰਕਾਰ ਤੋਂ ਮੰਗ ਕੀਤੀ ਕਿ ਉਸ ਦੇ ਭਰਾ ਦੀ ਮੌਤ ਲਈ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਕਾਰਵਾਈ ਕੀਤੀ ਜਾਵੇ। ਇਸ ਦੇ ਨਾਲ ਹੀ ਨਸ਼ਾ ਵਿਰੋਧੀ ਐਕਸ਼ਨ ਕਮੇਟੀ ਦੇ ਮੈਂਬਰਾਂ ਪਰਵਿੰਦਰ ਸਿੰਘ ਅਤੇ ਅਮਨਦੀਪ ਸਿੰਘ ਨੇ ਕਿਹਾ ਕਿ ਮ੍ਰਿਤਕ ਪਰਵਿੰਦਰ ਸਿੰਘ ਦੀ ਲਾਸ਼ ਨੂੰ ਹਸਪਤਾਲ ਵਿੱਚ ਰਖਵਾਇਆ ਗਿਆ ਹੈ ਅਤੇ ਜਦੋਂ ਤੱਕ ਪ੍ਰਸ਼ਾਸਨ ਮੰਗਾਂ ਪੂਰੀਆਂ ਨਹੀਂ ਕਰਦਾ, ਉਦੋਂ ਤੱਕ ਨੌਜਵਾਨ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ।

# ਕਾਵੇਰੀ ਜਲ ਵਿਵਾਦ ਨੂੰ ਲੈ ਕੇ ਤਾਮਿਲਨਾਡੂ ਦੇ ਕਿਸਾਨਾਂ ਨੇ ਮਰੇ ਹੋਏ ਚੂਹਿਆਂ ਨੂੰ ਮੂੰਹ ਵਿੱਚ ਰੱਖ ਕੇ ਸਰਕਾਰ ਖਿਲਾਫ਼ ਕੀਤਾ ਪ੍ਰਦਰਸ਼ਨ



ਤਿਰੂਚਿਰਾਪੱਲੀ, 26 ਸਤੰਬਰ (ਪੋਸਟ ਬਿਊਰੋ): ਕਾਵੇਰੀ ਜਲ ਵਿਵਾਦ ਨੂੰ ਲੈ ਕੇ ਤਾਮਿਲਨਾਡੂ ਅਤੇ ਕਰਨਾਟਕ ਇੱਕ ਵਾਰ ਫਿਰ ਤੋਂ ਟਕਰਾਅ ਵਿਚ ਹਨ। ਇਸ ਮੁੱਦੇ ਨੂੰ ਲੈ ਕੇ ਕਿਸਾਨ ਜੱਥੇਬੰਦੀਆਂ ਨੇ ਬੈਂਗਲੁਰੂ ਬੰਦ ਦਾ ਸੱਦਾ ਦਿੱਤਾ ਹੈ। ਤਿਰੂਚਿਰਾਪੱਲੀ ਵਿੱਚ, ਤਾਮਿਲਨਾਡੂ ਦੇ ਕਿਸਾਨਾਂ ਦੇ ਇੱਕ ਸਮੂਹ ਨੇ ਆਪਣੇ ਮੂੰਹ ਵਿੱਚ ਮਰੇ ਹੋਏ ਚੂਹੇ ਰੱਖ ਕੇ ਕਰਨਾਟਕ ਸਰਕਾਰ ਦਾ ਵਿਰੋਧ ਕੀਤਾ ਅਤੇ ਕਰਨਾਟਕ ਨੂੰ ਰਾਜ ਲਈ ਕਾਵੇਰੀ ਦਾ ਪਾਣੀ ਛੱਡਣ ਦੀ ਮੰਗ ਕੀਤੀ।

ਕਾਵੇਰੀ ਜਲ ਵਿਵਾਦ ਅਸਲ ਵਿੱਚ ਦੋ ਰਾਜਾਂ ਦਰਮਿਆਨ ਹੈ। ਇਸ ਮੁੱਦੇ 'ਤੇ ਕਰਨਾਟਕ ਅਤੇ ਤਾਮਿਲਨਾਡੂ ਦੇ ਲੋਕ ਆਪਸ ਵਿਚ ਭਿੜ ਰਹੇ ਹਨ। ਇਸ ਦੀਆਂ ਜੜ੍ਹਾਂ 1892 ਅਤੇ 1924 ਦੇ ਸਾਲਾਂ ਵਿੱਚ ਲੱਭੀਆਂ ਜਾ ਸਕਦੀਆਂ ਹਨ, ਜਦੋਂ ਮਦਰਾਸ ਪ੍ਰੈਜ਼ੀਡੈਂਸੀ ਅਤੇ ਮੈਸੂਰ ਦੇ ਰਾਜ ਵਿਚਕਾਰ ਦੋ ਸਮਝੌਤੇ ਕੀਤੇ ਗਏ ਸਨ। ਵਾਸਤਵ ਵਿੱਚ, ਕੇਂਦਰ ਨੇ ਤਾਮਿਲਨਾਡੂ, ਕੇਰਲ, ਕਰਨਾਟਕ ਅਤੇ ਪੁਡੂਚੇਰੀ ਵਿਚਕਾਰ ਪਾਣੀ ਦੀ ਵੰਡ ਸਮਰੱਥਾ ਨੂੰ ਲੈ ਕੇ ਮਤਭੇਦਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕੀਤੀ ਅਤੇ ਜੂਨ 1990 ਵਿੱਚ ਕਾਵੇਰੀ ਜਲ ਵਿਵਾਦ ਟ੍ਰਿਬਿਊਨਲ ਦੀ ਸਥਾਪਨਾ ਕੀਤੀ।

ਸੁਪਰੀਮ ਕੋਰਟ ਨੇ ਵੀ ਸਾਲ 2018 ਵਿੱਚ ਆਪਣਾ ਫੈਸਲਾ ਸੁਣਾਇਆ ਅਤੇ ਦੱਸਿਆ ਕਿ ਕਰਨਾਟਕ ਨੂੰ ਕਿੰਨਾ ਪਾਣੀ ਬਰਕਰਾਰ ਰੱਖਣਾ ਚਾਹੀਦਾ ਹੈ ਅਤੇ ਤਾਮਿਲਨਾਡੂ ਨੂੰ ਕਿੰਨਾ ਪਾਣੀ ਦੇਣਾ ਚਾਹੀਦਾ ਹੈ। ਉਸ ਫੈਸਲੇ ਅਨੁਸਾਰ ਕਰਨਾਟਕ ਨੂੰ ਜੂਨ ਤੋਂ ਮਈ ਦਰਮਿਆਨ ਇੱਕ 'ਆਮ' ਜਲ ਸਾਲ ਵਿੱਚ ਤਾਮਿਲਨਾਡੂ ਨੂੰ 177.25 ਟੀਐੱਮਸੀ ਅਲਾਟ ਕਰਨਾ ਹੋਵੇਗਾ।

ਇਸ ਸਾਲ ਕਰਨਾਟਕ ਨੂੰ ਜੂਨ ਤੋਂ ਸਤੰਬਰ ਤੱਕ ਕੁੱਲ 123.14 ਟੀਐੱਮਸੀ ਪਾਣੀ ਦੇਣਾ ਸੀ ਪਰ ਅਗਸਤ ਵਿੱਚ ਤਾਮਿਲਨਾਡੂ ਨੇ 15 ਦਿਨਾਂ ਲਈ 15 ਹਜ਼ਾਰ ਕਿਊਸਿਕ ਪਾਣੀ ਦੀ ਮੰਗ ਕੀਤੀ। 11 ਅਗਸਤ ਨੂੰ ਸੀ.ਡਬਲਯੂ.ਐੱਮ.ਏ. ਵਲੋਂ ਪਾਣੀ ਦੀ ਮਾਤਰਾ ਘਟਾ ਕੇ 10,000 ਕਿਊਸਿਕ ਕਰ ਦਿੱਤੀ ਗਈ ਸੀ। ਹਾਲਾਂਕਿ, ਸਰਕਾਰ ਦਾ ਦੋਸ਼ ਹੈ ਕਿ ਕਰਨਾਟਕ ਨੇ 10,000 ਕਿਊਸਿਕ ਪਾਣੀ ਵੀ ਨਹੀਂ ਛੱਡਿਆ ਹੈ।

# ਬੈਂਕ ਦੇ ਲਾਕਰ ਵਿਚ ਰੱਖੇ 18 ਲੱਖ ਰੁਪਏ ਨੂੰ ਲੱਗੀ ਸਿਉਂਕ



ਮੁਰਾਦਾਬਾਦ, 26 ਸਤੰਬਰ (ਪੋਸਟ ਬਿਊਰੋ): ਮੁਰਾਦਾਬਾਦ ਦੇ ਬੈਂਕ ਆਫ ਬੜੌਦਾ ਦੀ ਰਾਮਗੰਗਾ ਵਿਹਾਰ ਸ਼ਾਖਾ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਕ ਗਾਹਕ ਨੇ ਬੈਂਕ ਦੇ ਲਾਕਰ ਵਿੱਚ 18 ਲੱਖ ਰੁਪਏ ਰੱਖੇ ਹੋਏ ਸਨ, ਜਿਸ ਵਿੱਚ ਗਹਿਣੇ ਅਤੇ ਕੀਮਤੀ ਸਾਮਾਨ ਰੱਖਿਆ ਹੋਇਆ ਸੀ, ਜਿਸ ਨੂੰ ਸਿਉਂਕ ਲੱਗ ਗਈ ਅਤੇ ਸਾਰੇ 18 ਲੱਖ ਰੁਪਏ ਨਸ਼ਟ ਹੋ ਗਏ। ਇਹ ਗੱਲ ਉਦੋਂ ਸਾਹਮਣੇ ਆਈ ਜਦੋਂ ਲਾਕਰ ਧਾਰਕ ਔਰਤ ਇਸ ਨੂੰ ਰੀਨਿਊ ਕਰਵਾਉਣ ਲਈ ਬੈਂਕ ਗਈ। ਜਦੋਂ ਉਸ ਨੇ ਉੱਥੇ ਜਾ ਕੇ ਲਾਕਰ ਖੋਲ੍ਹਿਆ ਤਾਂ ਦੇਖਿਆ ਕਿ 18 ਲੱਖ ਰੁਪਏ ਦੇ ਸਾਰੇ ਨੋਟ ਸਿਉਂਕ ਖਾ ਚੁੱਕੀ ਹੈ, ਜਿਸ ਤੋਂ ਬਾਅਦ ਔਰਤ ਦੇ ਹੋਸ਼ ਉੱਡ ਗਏ। ਲਾਕਰ ਹੋਲਡਰ ਔਰਤ ਨੇ ਇਸ ਦੀ ਸ਼ਿਕਾਇਤ ਬ੍ਰਾਂਚ ਮੈਨੇਜਰ ਨੂੰ ਕੀਤੀ, ਜਿਸ ਤੋਂ ਬਾਅਦ ਬੈਂਕ ਵਿੱਚ ਹੜਕੰਪ ਮਚ ਗਿਆ ਅਤੇ ਬੈਂਕ ਵੱਲੋਂ ਇਸ ਗੰਭੀਰ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਦਰਅਸਲ, ਮੁਰਾਦਾਬਾਦ ਦੀ ਆਸ਼ਿਆਨਾ ਕਲੋਨੀ ਦੀ ਰਹਿਣ ਵਾਲੀ ਅਲਕਾ ਪਾਠਕ ਨੇ ਅਕਤੂਬਰ 2022 ਵਿੱਚ ਆਪਣੀ ਬੇਟੀ ਦੇ ਵਿਆਹ ਲਈ ਬੈਂਕ ਦੇ ਲਾਕਰ ਵਿੱਚ ਗਹਿਣਿਆਂ ਸਮੇਤ 18 ਲੱਖ ਰੁਪਏ ਰੱਖੇ ਸਨ। ਅਲਕਾ ਪਾਠਕ ਨੂੰ ਸੋਮਵਾਰ ਨੂੰ ਬੈਂਕ ਆਫ ਬੜੌਦਾ ਵਿਖੇ ਸਮਝੌਤੇ ਦੇ ਨਵੀਨੀਕਰਨ ਅਤੇ ਕੇ.ਵਾਈ.ਸੀ. ਲਈ ਬੁਲਾਇਆ ਗਿਆ ਸੀ। ਜਦੋਂ ਉਹ ਬੈਂਕ ਪਹੁੰਚੀ ਤਾਂ ਉਸ ਨੇ ਲਾਕਰ ਖੋਲ੍ਹ ਕੇ ਦੇਖਿਆ ਤਾਂ ਉੱਥੇ ਗਹਿਣੇ ਸਮੇਤ 18 ਲੱਖ ਰੁਪਏ ਪਏ ਸਨ। ਜਿਵੇਂ ਹੀ ਉਸ ਨੇ ਲਾਕਰ ਖੋਲ੍ਹਿਆ ਤਾਂ ਉਸ ਦੇ ਹੋਸ਼ ਉੱਡ ਗਏ। ਉਸ ਨੇ ਦੇਖਿਆ ਕਿ ਲਾਕਰ ਵਿੱਚ ਰੱਖੇ ਉਸ ਦੇ ਸਾਰੇ ਨੋਟਾਂ ਨੂੰ ਸਿਉਂਕ ਲੱਗੀ ਪਈ ਹੈ। ਜਿਸ ਤੋਂ ਬਾਅਦ ਉਸ ਨੇ ਇਸ ਦੀ ਸੂਚਨਾ ਬੈਂਕ ਅਧਿਕਾਰੀ ਨੂੰ ਦਿੱਤੀ। ਜਿਸ ਤੋਂ ਬਾਅਦ ਇਹ ਮਾਮਲਾ ਚਰਚਾ ਵਿਚ ਆਇਆ।

ਅਲਕਾ ਪਾਠਕ ਦਾ ਕਹਿਣਾ ਹੈ ਕਿ ਉਸ ਦਾ ਬਿਸਤਰੇ ਦੀ ਸਪਲਾਈ ਦਾ ਛੋਟਾ ਜਿਹਾ ਕਾਰੋਬਾਰ ਹੈ, ਇਸ ਦੇ ਨਾਲ ਹੀ ਉਹ ਬੱਚਿਆਂ ਨੂੰ ਟਿਊਸ਼ਨ ਵੀ ਦਿੰਦੀ ਹੈ। ਕੁਝ ਦਿਨ ਪਹਿਲਾਂ ਜਦੋਂ ਉਸ ਦੀ ਲੜਕੀ ਦਾ ਵਿਆਹ ਹੋਇਆ ਸੀ ਤਾਂ ਉਸ ਨੇ ਅਕਤੂਬਰ 2022 ਵਿਚ ਆਪਣੀ ਦੂਜੀ ਬੇਟੀ ਦੇ ਵਿਆਹ ਲਈ ਬਾਕੀ ਬਚੇ ਪੈਸੇ ਅਤੇ ਬੱਚਤ ਬੈਂਕ ਦੇ ਲਾਕਰ ਵਿਚ ਰੱਖ ਦਿੱਤੀ ਸੀ। ਇਸ ਵਿੱਚ ਕਰੀਬ 18 ਲੱਖ ਰੁਪਏ ਅਤੇ ਕੁਝ ਗਹਿਣੇ ਰੱਖੇ ਹੋਏ ਸਨ। ਪਰ ਲਾਕਰ ਧਾਰਕ ਅਲਕਾ ਪਾਠਕ ਨੂੰ ਇਹ ਨਹੀਂ ਪਤਾ ਸੀ ਕਿ ਲਾਕਰ ਵਿੱਚ ਕਰੰਸੀ ਨੋਟ ਨਹੀਂ ਰੱਖੇ ਜਾ ਸਕਦੇ। ਉਸ ਨੇ ਖੁਦ 18 ਲੱਖ ਰੁਪਏ ਕਾਲੇ ਲਿਫਾਫੇ ਵਿਚ ਲਾਕਰ ਵਿਚ ਗਹਿਣੇ ਰੱਖੇ ਸਨ।

ਇਸ ਦੇ ਨਾਲ ਹੀ ਬੈਂਕ ਦੇ ਬ੍ਰਾਂਚ ਮੈਨੇਜਰ ਨੇ ਅਲਕਾ ਪਾਠਕ ਨੂੰ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਕੀਤੀ ਜਾਵੇਗੀ, ਰਿਪੋਰਟ ਆਉਣ ਤੋਂ ਬਾਅਦ ਜਾਣਕਾਰੀ ਸਾਂਝੀ ਕੀਤੀ ਜਾਵੇਗੀ।






ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

## ਲੜਕੀ ਦੀ ਲੋੜ

ਨਾਈ ਸਿੱਖ ਲੜਕਾ, 1988, ਕੱਦ 5 ਫੁਟ, 6 ਇੰਚ, ਕੈਨੇਡਾ ਪੀ.ਆਰ., ਆਪਣਾ ਕੰਮ, ਵੈਸ਼ਨੂੰ ਪਰਿਵਾਰ, ਸੁੰਦਰ ਅਤੇ ਕੈਨੇਡਾ ਪੀ.ਆਰ. ਲੜਕੀ ਦੀ ਲੋੜ। ਸੰਪਰਕ: 9878482427

Sikh Ramgarhia Boy, well settled family in Canada is looking for a suitable match for their 32-year-old son. Doing business in Ontario and Winnipeg. Canadian citizen, Height: 5"10', Active in Real Estate and Financing Business. Call: 204-510-7658 or 437-881-7282

Sikh Tonk kashtriya Boy Feb/1993 Born, height 5.11", B.tech in computer science, On work permit PR applied. Working as a supervisor. Looking for beautiful PR/Work permit/ Study permit girl. Caste No Bar. Whatsapp or Call at +91 9417272807, +12269787777

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 10 ਇੰਚ, ਲੜਕੇ ਦੀ ਇਕ ਭੈਣ ਹੈ, ਆਟੋ-ਮੋਟਿਵ ਪਾਵਰ ਟੈਕਨੀਸ਼ੀਅਨ, ਆਟੋਮੋਬਾਇਲ ਇੰਡਸਟਰੀ ਵਿਚ ਮਿਕੈਨਿਕ ਦੇ ਤੌਰ 'ਤੇ ਕੰਮ ਕਰ ਰਿਹਾ ਹੈ, ਕੈਨੇਡੀਅਨ ਪੀਆਰ ਹੈ, ਲਈ ਜੱਟ ਸਿੱਖ, ਪੜ੍ਹੀ ਲਿਖੀ ਲੜਕੀ ਦੀ ਲੋੜ ਹੈ। ਲੜਕੀ ਕੈਨੇਡਾ ਵਿਚ ਵਰਕ ਪਰਮਿਟ ਉਤੇ ਹੋਵੇ, ਸਟੱਡੀ ਪਰਮਿਟ ਉਤੇ ਜਾਂ ਪੀਆਰ ਹੋਲਡਰ ਹੋਵੇ। ਸੰਪਰਕ: (289) 380-6898

ਲੁਬਾਣਾ ਸਿੱਖ ਲੜਕਾ ਕੈਨੇਡੀਅਨ ਸਿਟੀਜ਼ਨ, ਉਮਰ 29, ਹਾਈਟ 5 ਫੁੱਟ 8 ਇੰਚ, ਸੈਲਫ ਇੰਪਲਾਇਡ ਲਈ ਬੀਐੱਸਸੀ ਨਰਸਿੰਗ ਜਾਂ ਵਰਕ ਪਰਮਿਟ 'ਤੇ ਆਈ ਲੜਕੀ ਦੀ ਜ਼ਰੂਰਤ ਹੈ। ਲੁਬਾਣਾ ਬਰਾਦਰੀ ਨੂੰ ਪਹਿਲ ਦਿੱਤੀ ਜਾਵੇਗੀ। ਸੰਪਰਕ: 7093510275

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877 Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

## ਲੜਕੀ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਕੈਨੇਡਾ ਦੇ ਦੋ ਸੂਬਿਆਂ ਵਿਚ ਸਫ਼ਲ ਸਥਾਪਿਤ ਆਪਣਾ ਕਾਰੋਬਾਰ ਕਰਦੇ ਵੈੱਲ ਸੈਟਲਡ ਪਰਿਵਾਰ ਦੇ ਕੈਨੇਡਾ ਵਿਚ 16 ਸਾਲ ਤੋਂ ਰਹਿ ਰਹੇ ਲੜਕੇ, ਉਮਰ 32 ਸਾਲ, ਕੱਦ 5 ਫੁੱਟ, 10 ਇੰਚ, ਲਈ ਯੋਗ ਲੜਕੀ ਦੀ ਜ਼ਰੂਰਤ। ਸੰਪਰਕ ਕਰੋ: 204-510-7658 ਜਾਂ 437-881-7282

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9", ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ।
ਸੰਪਰਕ: 437-223-2664

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11", B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਐੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11" ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

## ਲੜਕੇ ਦੀ ਲੋੜ

ਕੈਨੇਡਾ (ਬਰੈਪਟਨ) ਪੀ ਆਰ ਦਰਜੀ ਸਿੰਘ (ਛੀਂਬਾ) ਤਲਾਕਸ਼ੁਦਾ ਲੜਕੀ B.Sc.Nursing, 33 ਸਾਲ 5' 2" ਲਈ ਪਗੜੀਧਾਰੀ ਲੜਕੇ ਦੀ ਲੋੜ। +919417939114

Need suitable match for 58 years old Hindu (Khatri) lady (Non Manglik), Height 5'3". Seeking a trustworthy man upto 65 years. Contact :- 647-323-5428.

Qualified match for beautiful never married Punjabi Khatri girl 5'7" 35 years Software Engineer at Toronto .Canada PR. Well settled in IT job . Good family.call +16475649350 email marti.mail.20@gmail.com

Saini Sikh family seeks a suitable match for their beautiful daughter, born and raised in Canada, 36 years old, slim, 5'4" tall, has a bachelor's degree, has a good job, divorced after short marriage. The boy should be educated, well settled, handsome, Canadian born. Please send bio-data and pictures on whatsapp. Phone :- 437-288-6010. Caste no bar.

'Qualified match for beautiful never married 81 born girl, Canada PR, well settled in job with Pharma co at Toronto. Call: +16475649350, Email: skvmatri49@gmail.com

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090,
ਈਮੇਲ- Singhmanmohan2006@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5 ਫੁਟ 4", ਬੀ.ਏ ਪਾਸ, ਹੇਅਰ ਐਡ ਸਕਿੱਨ ਕੇਅਰ ਡਿਪਲੋਮਾ (ਆਈ. ਟੀ.ਆਈ) ਕੰਪਿਊਟਰ ਡਿਪਲੋਮਾ ਇੱਕ ਸਾਲ ਕੀਤਾ ਹੋਇਆ, ਵਿਜ਼ਟਰ ਵੀਜ਼ੇ 'ਤੇ ਕੇਨੈਡਾ ਆਈ ਹੋਈ, ਲਈ ਕੈਨੇਡੀਅਨ ਜੱਟ ਸਿੱਖ ਪੀ.ਆਰ ਲੜਕੇ ਦੀ ਲੋੜ। ਸੰਪਰਕ: 1-905-451-1716, +919876533403

ਕੈਨੇਡਾ ਪੀ ਆਰ ਲੜਕੀ ਲਈ ਵਰ ਦੀ ਲੋੜ, 1991/5'3", ਲਈ ਸ਼ੁਧ ਵੈਸ਼ਨੂੰ ਲੜਕੇ ਦੀ ਲੋੜ। ਕੈਨੇਡਾ ਨੂੰ ਪਹਿਲ। ਸੰਪਰਕ: 9855238175

ਜੱਟ ਸਿੱਖ 1996/5'-3", ਇੰਟਰਨੈਸ਼ਨਲ ਬਿਜ਼ਨੈੱਸ ਮੈਨੇਜਮੈਂਟ (ਕੈਨੇਡਾ ਪੀ-ਆਰ) ਲੜਕੀ ਲਈ ਕੈਨੇਡਾ ਪੀਆਰ/ਨਾਨ-ਪੀਆਰ ਲੜਕਾ ਚਾਹੀਦਾ ਹੈ। ਮਾਲਵੇ ਨੂੰ ਤਰਜੀਹ। ਸੰਪਰਕ:9478403300

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11" ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2" ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com













# ਬ੍ਰਹਮ ਗਿਆਨੀ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਰਾਮਗੜ੍ਹੀਆ ਭਵਨ ਵਿਖੇ ਮਨਾਇਆ





ਬਰੈਂਪਟਨ, 26 ਸਤੰਬਰ (ਜਰਨੈਲ ਸਿੰਘ ਮਠਾੜੂ): ਬੀਤੇ ਦਿਨੀਂ ਰਾਮਗੜੀਆ ਸਿੱਖ ਫਾਉਂਡੇਸ਼ਨ ਆਫ ਆਨਟਾਰੀਓ ਬਰੈਂਪਟਨ( ਕੈਨੇਡਾ)ਦੇ ਰਾਮਗੜੀਆ ਭਵਨ ਵਿਖੇ ਪੂਰਨ ਬਰੱਹਮ ਗਿਆਨੀ ਭਾਈ ਲਾਲੋ ਜੀ ਦਾ ਜਨਮ ਦਿਹਾੜਾ ਬਹੁਤ ਹੀ ਸ਼ਰਧਾ , ਪਰੇਮ ਅਤੇ ਸਤਿਕਾਰ ਸਹਿਤ ਗੁਰਦੁਆਰਾ ਸਾਹਿਬ ਭਾਈ ਲਾਲੋ ਜੀ ਵਿਖੇ ਮਨਾਇਆ ਗਿਆ , ਜਿਸ ਵਿੱਚ ਬਹੁਤ ਹੀ ਭਰਵੀਂ ਹਾਜਰੀ ਨਾਲ ਪਰੀਵਾਰਾਂ ਨੇ ਅਪਣੇ ਬੱਚਿਆਂ ਸਮੇਤ ਹਾਜ਼ਰੀਆਂ ਲਵਾਈਆਂ। ਪਿਛਲੇ ਤਿੰਨ ਦਿਨਾਂ ਤੋਂ ਚੱਲ ਰਹੇ ਸਾਹਿਬ ਸ੍ਰੀ ਗਰੰਥ ਸਾਹਿਬ ਜੀ ਦੀ ਪਵਿੱਤਰ ਬਾਣੀ ਦੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਗਏ। ਉਪਰੰਤ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਪਾਲ ਸਿੰਘ ਤੇ ਸਾਥੀਆਂ ਨੇ ਗੁਰਬਾਣੀ ਦਾ ਬਹੁਤ ਹੀ ਰਸਭਿੰਨਾ ਕੀਰਤਨ ਕੀਤਾ ਅਤੇ ਮਹਾਨ ਕਿਰਤੀ ਸਿੱਖ ਭਾਈ ਲਾਲੋ ਜੀ ਦੇ ਸਾਦੇ ਜੀਵਨ ,ਰਹਿਣੀ ਸਹਿਣੀ , ਦਸਾਂ ਨਹੂੰਆਂ ਦੀ ਕਿਰਤ ਕਰਨੀ ਅਤੇ ਗੁਰੂ ਨਾਨਕ ਦੇਵ ਜੀ ਦਾ ਪਹਿਲੀ ਉਦਾਸੀ ਦੌਰਾਨ ਉਹਨਾਂ ਦੇ ਘਰ ਚਰਨ ਪਾਉਣੇ ਵਾਰੇ ਵਿਸਥਾਰ ਸਹਿਤ ਵਰਨਣ ਕੀਤਾ। ਦਿੱਲੀ ਤੋਂ ਆਏ ਬੀਬੀ ਮਨਜੀਤ ਕੌਰ ਨੇ ਸ਼ਬਦ ਗਾਇਨ ਕਰਕੇ ਅਪਣੀ ਹਾਜਰੀ ਲਗਵਾਈ । ਨਾਮਵਰ ਮਿਉਜਿਕ ਕੰਪਨੀ ਦੇ ਭਾਈ ਰਨਜੀਤ ਸਿੰਘ ਲਾਲ ਨੇ ਵੀ ਭਾਈ ਲਾਲੋ ਜੀ ਦੇ ਜੀਵਨ ਵਾਰੇ ਗਾ ਕੇ ਹਾਜਰੀ ਲਗਵਾਈ ਗਈ । ਰਾਮਗੜੀਆ ਸਿੱਖ ਸੁਸਾਇਟੀ ਰਿਵਾਲਡਾ (ਟੋਰਂ-ਟੋ) ਤੋਂ ਵੀ ਉਹਨਾਂ ਦੀ ਤਰਫੋਂ ਕੇਹਰ ਸਿੰਘ ਮਠਾੜੂ ਅਤੇ ਅਜੀਤ ਸਿੰਘ ਵਿਰਦੀ ਵੀ ਅਪਣੇ ਪਰਿਵਾਰਾਂ ਸਮੇਤ ਪਹੁੰਚ ਕੇ ਸੰਗਤ ਨੂੰ ਅਤੇ ਪਰਬੰਧਕਾਂ ਨੂੰ ਮਹਾਨ ਕਿਰਤੀ ਸਿੱਖ ਭਾਈ ਲਾਲੋ ਜੀ ਦੇ ਜਨਮ ਦਿਨ ਦੀਆਂ ਵਧਾਈਆਂਵੀ ਦਿੱਤੀਆਂ ਅਤੇ ਕੇਹਰ ਸਿੰਘ ਮਠਾੜੂ ਜੀਨੇ ਅਪਣੀ ਕਵਿਤਾ ਰਾਹੀਂ ਭਾਈ ਲਾਲੋ ਜੀ ਦੇ ਜਨਮਦਿਨ ਸਬੰਧੀ ਕਵਿਤਾ ਸੁਣਾਉਂਦੇ ਹੋਏ ਕਿਰਤ ਤੇ ਸਾਦਗੀ ਵਾਰੇ ਚਾਨਣਾ ਪਾਇਆ। ਕੁਲਵੰਤ ਕੌਰ ਗੈਦੂ ਨੇ ਵੀ ਭਾਈ ਲਾਲੋ ਜੀ ਦੇ ਜੀਵਨ ਵਾਰੇ ਅਪਣੀ ਕਵਿਤਾ ਸੁਣਾ ਕੇ ਹਾਜਰੀ ਲਗਵਾਈ। ਇਸ ਉਪਰੰਤ ਭਾਰਤ ਤੋਂ ਵਿਸ਼ੇਸ ਤੌਰ ਤੇ ਪਹੁੰਚੇ ਕੌਮ ਦੇ ਪਤਵੰਤੇ ਵਿਅਕਤੀਆਂ ਪਰਮਜੀਤ ਸਿੰਘ ਬਠਿੰਡਾ , ਬਲਜੀਤ ਸਿੰਘ ਨਾਮਧਾਰੀ , ਮਨਜੀਤ ਕੌਰ ਦਿੱਲੀ , ਜਸਵਿੰਦਰ ਸਿੰਘ ਭੱਚੂ, ਜਸਵੀਰ ਸਿੰਘ ਸੈਂਭੀ, ਜਰਨੈਲ ਸਿੰਘ ਮਠਾੜੂ , ਹਰਦਿਆਲ ਸਿੰਘ ਝੀਤਾ, ਸਤਿਨਾਮ ਸਿੰਘ ਗੈਦੂ, ਇੰਦਰਜੀਤ ਸਿੰਘ ਗੈਦੂ ,ਭੁਪਿੰਦਰ ਸਿੰਘ ਸੀਰਾ, ਸੁਖਰਾਜ ਸਿੰਘ ਕਲਸੀ, ਜਸਪ੍ਰੀਤ ਸਿੰਘ ਕਲਸੀ, ਮਹਿੰਦਰ ਸਿੰਘ ਕੁੰਦੀ, ਹਰਮੰਦਰ ਸਿੰਘ ਗੈਦੂ , ਗੁਰਪ੍ਰੀਤ ਸਿੰਘ, ਅਮਨਦੀਪ ਸਿੰਘ ਬੰਮਰਾਹ , ਧੂਰੀ ਤੋਂ ਆਈ ਅੰਤਰ ਰਾਸਟਰੀ ਵਿਦਿਆਰਥਣ ਸਿਮਰਦੀਪ ਕੌਰ ਧੀਮਾਨ ਦਾ ਆਰ ਐਸ ਐਫ ਓ ਦੀ ਮੈਨੇਜਮੈਂਟ ਵੱਲੋਂ ਇਸ ਮੌਕੇ ਰਾਮਗੜੀਆ ਭਵਨ ਵਿੱਚ ਪਧਾਰਣ ਤੇ ਉਹਨਾਂ ਨੂੰ ਜੀ ਆਇਆਂ ਨੂੰ ਕਹਿੰਦੇ ਹੋਏ ਸਨਮਾਨਚਿੰਨ ਅਤੇ ਸਿਰੋਪਾਓ ਦੇ ਕੇ ਸਨਮਨਿਤ ਕੀਤਾ ਗਿਆ। ਅਖੀਰ ਵਿੱਚ ਫਾਉਂਡੇਸ਼ਨ ਦੇ ਪਰਧਾਨ ਮਨਜੀਤ ਸਿੰਘ ਭੱਚੂ ਨੇ ਵੀ ਸੰਗਤ ਨੂੰ ਸੰਬੋਧਨ ਕਰਦੇ ਹੋਏ ਪਰਬੰਧਕਾਂ ਤੇ ਵਲੰਟੀਅਰਾਂ ਨੂੰ ਵਧੀਆ ਪਰਬੰਧ ਕਰਨ ਤੇ ਉਹਨਾਂ ਦਾ ਧੰਨਵਾਦ ਵੀ ਕੀਤਾ। ਰਾਮਗੜੀਆ ਪਿਕਨਿਕ ਵਿਚ ਹੋਈਆ ਖੇਡਾਂ ਵਿੱਚ ਪਹਿਲੇ , ਦੂਜੇ ਤੇ ਤੀਜੇ ਨੰਬਰ ਤੇ ਆਉਣ ਵਾਲੇ ਬੱਚਿਆਂ ਨੂੰ ਮੈਡਲ ਦੇਕੇ ਸਨਮਾਨਿਤ ਕੀਤਾ ਗਿਆ । ਸਟੇਜ ਦੀ ਕਾਰਵਾਈ ਜਨਰਲ ਸਕੱਤਰ ਹਰਦਿਆਲ ਸਿੰਘ ਝੀਤਾ ਵੱਲੋਂ ਬਾਖੂਬੀ ਨਿਭਾਈ ਗਈ । ਅੰਤ ਵਿੱਚ ਚੇਅਰਮੈਨ ਦਲਜੀਤ ਸਿੰਘ ਗੈਦੂ ਵੱਲੋਂ ਆਏ ਪਤਵੰਤੇ ਸੱਜਣਾਂ ਅਤੇਇਸ ਮੌਕੇ ਆਈ ਸੰਗਤ ਦਾ ਧੰਨਵਾਦ ਕਰਦੇ ਹੋਏ ਭਾਈ ਲਾਲੋ ਜੀ ਦੇ ਸਾਦੇ ਜੀਵਨ, ਸੱਚੀ ਸੁੱਚੀ ਕਿਰਤ ਕਮਾਈ ਵਾਰੇ ਵਿਸਥਾਰ ਨਾਲ ਵਰਨਣ ਕੀਤਾ ਅਤੇ ਆਉਣ ਵਾਲੇ ਪਰੋਗਰਾਮਾਂ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਵਿੱਚ ਸ਼ਾਮਲ ਹੋਣ ਲਈ ਅਪੀਲ ਕੀਤੀ।

# ਐਸੋਸੀਏਸ਼ਨ ਆਫ ਸੀਨੀਅਰਜ਼ ਕਲੱਬਜ਼ ਦੇ ਮੈਂਬਰ ਕਮਿਊਨਿਟੀ ਦੀ ਰੁੱਖ ਲਗਾਓ ਮੁਹਿਮ ਵਿੱਚ ਸ਼ਾਮਿਲ ਹੋਏ



ਮਹਿੰਦਰ ਸਿੰਘ ਮੋਹੀ: ਐਸੋਸੀਏਸ਼ਨ ਆਫ ਸੀਨੀਅਰਜ ਕਲੱਬਜ ਦੀ ਪਹਿਲ ਕਦਮੀ ਤੇ . ਜਿਥੇ ਸੀਨੀਅਰਜ ਦੀ ਮਾਨਸਿਕ ਤੇ ਸਰੀਰਕ ਅਰੋਗਤਾ ਨੂੰ ਬਰਕਰਾਰ ਰੱਖਣ ਲਈ,ਬਰੈਂਪਟਨ ਦੇ ਹਰ ਖੇਤਰ ਵਿੱਚ ਵਿਸ਼ੇ ਦੇ ਮਾਹਿਰ ਡਾਕਟਰ ਤੇ ਵਿਦਵਾਨ ਲਗਾਤਾਰ ਸੈਮੀਨਾਰ ਕਰ ਰਹੇ ਹਨ ਤੇ ਵਖ ਵਖ ਕਲੱਬਜ ਦੇ ਪਾਰਕਾ ਵਿੱਚ ਯੋਗਾ ਦੀਆਂ ਕਲਾਸਾਂ ਤੇ ਸਰੀਰਕ ਕਸਰਤ ਦਾ ਪ੍ਰਬੰਧ ਕੀਤਾ ਜਾ ਰਿਹਾ ਹੈ, ਉੱਥੇ ਐਸੋਸੀਏਸ਼ਨ ਦੇ ਸਰਗਰਮ ਅਹੁਦੇਦਾਰਾਂ ਨੇ ਜੰਗੀਰ ਸਿੰਘ ਸੈਂਬੀ ਦੀ ਅਗਵਾਈ ਵਿੱਚ ਪਿਛਲੇ ਸਨਿਚਰਵਾਰ ਨੂੰ ਬਰੈਂਪਟਨ ਗੋਰ ਮੀਡੋਜ ਮਲਟੀਪਲੈਕਸ ਦੇ ਚੌਗਿਰਦੇ ਵਿੱਚ ਉਲੀਕੇ ਗਏ ਨਵੇਂ ਰੁੱਖ ਲਗਾਉਣ ਦੇ ਪ੍ਰੋਗਰਾਮ ਵਿੱਚ ਹਿੱਸਾ ਲਿਆ। ਇਹ ਰੁੱਖ ਲਗਾਉਣ ਦਾ ਪਲਾਨ ਸਿਟੀ ਆਫ ਬਰੈਂਪਟਨ ਦੀ ਸਕਾਉਟ ਅਤੇ ਕਮਿਊਨਿਟੀ ਟਰੀ ਪਲਾਂਟਿੰਗ ਨਾਲ ਰਲ ਕੇ ਤਿਆਰ ਕੀਤਾ ਗਿਆ ਸੀ। ਇਹ "ਵਾਤਾਵਰਣ ਬਚਾਓ, ਨਵੇਂ ਰੁੱਖ ਲਗਾਓ", ਦੇ ਸੰਕਲਪ ਨੂੰ ਅਗੇ ਰੱਖਦਿਆ ਦੁਨੀਆਂ ਵਿੱਚ ਗਲੋਬਲ ਵਾਰਮਿੰਗ ਦੇ ਮੰਡਲਾ ਰਹੇ ਖਤਰੇ ਤੋਂ ਬਚਣ ਲਈ ਇਕ ਤੁਛ ਜਿਹਾ ਯਤਨ ਸੀ। ਸਾਡੇ ਗੁਰੂਆਂ ਵਲੋਂ ਦਰਸਾਏ ਗਏ ਸਿੱਖੀ ਦੇ ਸਿਧਾਂਤ ' ਪਵਨ ਗੁਰੂ ਪਾਣੀ ਪਿਤਾ ਮਾਤਾ ਧਰਤ ਮਹੱਤ",ਤੇ ਅਮਲ ਕਰਦੇ ਹੋਏ ਸੀਨੀਅਰਜ ਇਸ ਫਲਸਫ਼ੇ ਨੂੰ ਅਮਲ ਵਿੱਚ ਲਿਆਉਣ ਲਈ ਤਤਪਰ ਦਿਖਾਈ ਦੇ ਰਹੇ ਸਨ ਚਾਰੇ ਪਾਸੇ ਨਜ਼ਰ ਆ ਰਹੀ ਹਰਿਆਲੀ ਨੂੰ ਹੋਰ ਵਿਸ਼ਾਲ ਖੇਤਰ ਵਿੱਚ ਫੈਲਾਉਣ ਲਈ ਤੇ ਕੁਦਰਤ ਦੇ ਅੰਗ ਸੰਗ ਹੋਕੇ ਨਵੇ ਰੁੱਖ ਲਗਾ ਕੇ ਆਪਣਾ ਯੋਗਦਾਨ ਪਾਉਣ ਲਈ ਬਹੁਤ ਸਾਰੇ ਵਰਗਾਂ ਤੇ ਵਖ ਵਖ ਉਮਰਾਂ ਦੇ ਕੁਦਰਤ ਪ੍ਰੇਮੀ ਵੱਡੀ ਗਿਣਤੀ ਵਿੱਚ ਗੋਰ ਮਲਟੀਪਲੈਕਸ ਦੇ ਪੱਛਮ ਵਿੱਚ ਨਿਸਚਿਤ ਥਾਂ ਤੇ ਪਹੁੰਚੇ ਹੋਏ ਸਨ। ਦੋ ਘੰਟੇ ਦੇ ਸਮੇ ਵਿੱਚ 185 ਰੁੱਖ ਲਗਾਉਣ ਦਾ ਪ੍ਰੋਗਰਾਮ ਸੀ। ਸਭ ਤੋ ਪਹਿਲਾ ਇਸ ਮੁਹਿਮ ਦੇ ਲੀਡਰ ਵੱਲੋ ਸੁਰੱਖਿਅਤ ਢੰਗ ਨਾਲ ਪ੍ਰੈਕਟੀਕਲ ਰਾਹੀਂ ਸ਼ਾਵਲ ਦੀ ਵਰਤੋ ਕਰਦੇ ਹੋਏ ਰੁੱਖ ਲਗਾਉਣ ਤੇ ਉਸ ਦੇ ਦੁਆਲੇ ਗਾਰਡ ਲਗਾਉਣ ਦਾ ਢੰਗ ਦੱਸਿਆ । ਪ੍ਰਬੰਧਕਾ ਵਲੋ ਪੌਦੇ ਲਗਾਉਣ ਲਈ ਨਿਸਚਿਤ ਸਥਾਨ ਪਹਿਲਾ ਹੀ ਮਾਰਕ ਕੀਤੇ ਹੋਏ ਸਨ। ਕੁਝ ਸਮੇ ਵਿੱਚ ਸਾਰੇ ਵਲੰਟੀਅਰ ਵਾਤਾਵਰਣ ਨੂੰ ਬਚਾਉਣ ਤੇ ਇਸ ਖੇਤਰ ਨੂੰ ਤੰਦਰੁਸਤ ਤੇ ਹਰਿਆ ਭਰਿਆ ਰਖਣ ਵਾਲੀ ਇਸ ਨੇਕ ਮੁਹਿੰਮ ਵਿੱਚ ਜੀ ਜਾਨ ਨਾਲ ਖੁਭ ਕੇ ਕੰਮ ਕਰਨ ਲੱਗ ਗਏ। ਦੋ ਘੰਟਿਆ ਵਿੱਚ ਟਾਰਗਿਟ ਪੂਰਾ ਹੋ ਗਿਆ ਤੇ ਪ੍ਰਬੰਧਕਾ ਵੱਲੋ ਪਾਈ ਤੇ ਰਿਫਰੈਸ਼ਮੈਂਟ ਦੇ ਕੀਤੇ ਪ੍ਰਬੰਧ ਦਾ ਸਵਾਦ ਲੈਦੇ, ਜਦੋਂ ਅਸੀ ਲਗਾਏ ਰੁੱਖਾ ਵਲ ਸਰਸਰੀ ਝਾਤ ਮਾਰੀ ਤੇ ਇਓ ਲੱਗਿਆ ਜਿਵੇ ਪੁਰਾਣੇ, ਵੱਡੇ ਹੋ ਗਏ ਰੁੱਖਾਂ ਨੂੰ, ਆਪਣੇ ਗੁਆਂਢ ਵਿੱਚ ਤਾਜਾ ਲਗਾਏ ਬਚਿਆਂ ਵਰਗੇ ਛੋਟੇ ਛੋਟੇ ਪੌਦੇ, ਮਨੁੱਖ ਦੀ ਰੀਝ ਵਾਂਗੂ ਆਪਣੀ ਅਗਲੀ ਪੀੜੀ ਦੇ ਵਾਰਸ ਲੱਗਦੇ ਹੋਣ , ਤੇ ਇਸੇ ਖੁਸ਼ੀ ਵਿੱਚ ਖੀਵੇ ਹੋ ਕੇ ਉਹ, ਹਵਾ ਨਾਲ ਝੂਮਣ ਲਗ ਗਏ ਹੋਣ। ਹਰ ਵਲੰਟੀਅਰ ਦੇ ਚੇਹਰੇ ਤੇ ਵਖ ਵਖ ਕਮਿਊਨੀਟੀਜ ਨਾਲ ਰਲ ਕੇ ਇਸ ਵਾਤਾਵਰਣ ਪੱਖੀ ਕੀਤੇ ਗਏ ਨੇਕ ਕੰਮ ਨਾਲ ਆਈ ਖੁਸ਼ੀ ਦੀ ਝਲਕ ਸਪੱਸ਼ਟ ਵਿਖਾਈ ਦੇ ਰਹੀ ਸੀ।

URGENTLY NEED NEW LISTINGS IN BRAMPTON/CALEDON
visit: www.teamjagaujla.com
ADVERTISEMENT GUARANTEED TILL SOLD
JAG AUJLA
MCNE, REAL ESTATE BROKER
416-371-7777
e-mail: j.aujla@rogers.com or visit: www.jagaujla.com
MCNE
CALL JAG AUJLA FOR A QUICK & FREE HOME EVALUATION
www.BramptonTopRealtor.com
RECENTLY LISTED/SOLD IN YOUR NEIGHBOURHOOD

SHELBURNE (Simon St /Hwy 89)
ਬਿਲਕੁਲ ਸ਼ਾਨਦਾਰ ਤੇ ਸਾਫ ਸੁਧਰਾ ਸੈਮੀ ਡਿਟੈਚ ਬੰਗਲੌ, ਸ਼ਾਤ ਕੰਮੂਨਿਟੀ ਵਿੱਚ, ਬਹੁਤ ਸਾਰੀਆਂ ਅਪਗ੍ਰੇਡਜ਼ ਤੇ 2023 ਵਿੱਚ ਹੋਈ ਰੈਨੋਵਸ਼ਨ। 3+2 ਬੈਡਰੂਮ ਤੇ 3 ਵਾਸ਼ਰੂਮ ਘਰ ਨੂੰ ਫਿਨੀਸ਼ਡ ਬੈਸਮੈਂਟ, ਪੌਟ ਲਾਇਟਸ ਆਦਿ।

CAMBRIDGE (Speedsville/Equestrian Way)
ਐਂਡ ਯੂਨਿਟ ਕਾਨ੍ਹਰ ਲਾਟ ਨੂੰ ਖੁਲ੍ਹਾ ਡੁਲ੍ਹਾ ਕਰਬ ਤੇ ਖੂਬਸੂਰਤ ਵਿਊ। 2020 ਵਿੱਚ ਬਣਿਆ, 1896 ਸਕੇਅਰ ਫੁਟ ਦਾ ਫ੍ਰੀ ਹੋਲਡ ਟਾਊਨਹੋਮ ਜਿਸ ਨੂੰ 4 ਬੈਡਰੂਮ ਤੇ 3 ਵਾਸ਼ਰੂਮ। ਲੈਮੀ-ਨੇਟਡ ਫਲੋਰ। ਹਾਈਵੇ 401, ਪਾਰਕ ਤੇ ਸਕੂਲ ਦੇ ਨੇੜੇ।

BRAMPTON (Mclaughlin / Steeles / Mavis)
ਸੋਹਣੇ ਤੇ ਸ਼ਾਨਦਾਰ ਡਿਟੈਚ ਘਰ ਨੂੰ ਬਹੁਤ ਸਾਰੀਆਂ ਅਪਗ੍ਰੇਡਜ਼। 2200 ਸਕੇਅਰ ਫੁਟ ਵਿੱਚ 4+1 ਬੈਡਰੂਮ ਤੇ 4 ਵਾਸ਼ਰੂਮ ਨੂੰ ਫਿਨੀਸ਼ਡ ਬੈਸਮੈਂਟ। ਸ਼ੈਰੀਡਨ ਕਾਲਜ ਦੇ ਨੇੜੇ ਤੇ ਹੋਰ ਵੀ ਬਹੁਤ ਕੁਝ। ਸੰਪਰਕ ਕਰੋ।

BRAMPTON (Wanless/Mclaughlin)
ਸ਼ਾਨਦਾਰ ਤੇ ਸਾਫ ਸੁਧਰਾ, 2016 ਵਿੱਚ ਬਣਿਆ 4364 ਸਕੇਅਰ ਫੁਟ ਦਾ ਡਿਟੈਚ ਘਰ 4 ਬੈਡਰੂਮ ਤੇ 5 ਵਾਸ਼ਰੂਮ ਤੇ ਨਾਲ ਹੀ ਫਿਨੀਸ਼ਡ ਬੈਸਮੈਂਟ ਜਿਸ ਨੂੰ ਸੇਪਰੈਟ ਏਂਨਟਰੈਂਸ। ਬਹੁਤ ਸਾਰੀਆਂ ਅਪਗ੍ਰੇਡਜ਼ ਤੇ ਹੋਰ ਵੀ ਬਹੁਤ ਕੁਝ।

FREE
- Full MLS services
- Consistent marketing until your property is sold
- Staging consultation
- Billboard, flyer
- Online Promotion
- Professional pictures & virtual tour
- Social media & radio advertisement
- Open house till sold
- Competitive rates, exceptional service & award winning results

RE/MAX REALTY SPECIALISTS INC.
Ph:905-456-3232 **Based on units sold & commissions **Some conditions apply
*Seller & Jag Aujla Broker of RE/MAX Realty Specialist Inc. must agree on the terms & conditions, closing date and listing price at the time of listing. Guaranteed program only for peel region homes under $1 million price.
Call: JAG AUJLA Dir: 416-371-7777
MCNE, Real Estate Broker
NOT INTENDED TO SOLICIT BUYERS OR SELLERS CURRENTLY UNDER CONTRACT

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044
Mayfield Rd / Mcvean Dr / Gore Rd / Countryside Dr / Squire Ellis Dr / DENTISTRY

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 Williams Pkwy, Unit -45, Brampton | Email: grandupholstery@gmail.com

REXDALE BODY SHOP
USED CAR SALE
Specialization In:
- All Kinds of Body Work
- Auto Glass Windshield
- Denting, Painting & Welding
SPECIAL PAINT JOB $779
RENTAL CAR PROVIDED
ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ
25 years of Canadian Experience
OPEN MON - SAT 9AM TO 7PM
CHEEMA
LOWEST PRICE IN TOWN
Call Rick or Manminder Cheema: 416.749.9596 /416.951.6431
Towing Service Car Paint Starts $799*upto 100% Deductible Paid*
30 Racine Rd. Toronto, ON, M9W 2Z3, FAX: 416.749.9597
www.AAABODYSHOP.ca
mcheemaaaa@hotmail.com

LOCAL & LONG DISTANCE MOVING

# H.K. MOVERS

VANCOUVER - CALGARY - EDMONTON - WINNIPEG - TORONTO - OTTAWA - MONTREAL




WE MOVE COAST TO COAST WITHIN CANADA ,
WE DO INTERNATIONAL SHIPPING AND WE ALSO SHIP CARS

Best Business of 2023 ThreeBest Rated Excellence

**Call: 416.524.6704**
**www.hkmovers.ca**

2023 ThreeBest Rated Certificate OF EXCELLENCE THREE BEST RATED

SAFE, RELIABLE AND EFFICIENT SERVICE AT THE BEST RATES




FRESH & LARGE VARIETY
Bread, Dairy & Eggs
Branded Foods
Fruits & Vegetables
Beverages & Confectionery
Grocery & Staples
Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017